# ਭੂਮਿਕਾ

ਕਾਨੂੰਨ ਦਾ ਸ਼ਾਸਨ ਨਾ ਕੇਵਲ ਵਿਅਕਤੀਆਂ ਦੇ ਅਧਿਕਾਰਾਂ ਨਾਲ ਸਬੰਧ ਰਖਦਾ ਹੈ, ਸਗੋਂ ਨਾਗਰਿਕਾਂ ਦੇ ਅਧਿਕਾਰਾਂ ਦੇ ਲਾਗੂਕਰਤਾ ਅਤੇ ਸਾਲਸ ਵਜੋਂ ਵੀ ਸਬੰਧ ਰਖਦਾ ਹੈ। ਸਾਰੇ ਭਾਰਤ ਵਿਚ, ਸੰਸਥਾਵਾਂ ਵੱਧ ਰਹੇ ਪ੍ਰਭਾਵ ਅਧੀਨ ਆ ਗਈਆਂ ਹਨ। ਇਕ ਵਾਰ ਜਦੋਂ ਕੋਈ ਪਾਰਟੀ ਸੱਤਾ ਦੇ ਵਿਚ ਆ ਜਾਂਦੀ ਹੈ ਤਾਂ ਇਹ ਸੱਤਾ ਵਿਚ ਬਣੇ ਰਹਿਣ ਦੇ ਢੰਗਾਂ ਬਾਰੇ ਸੋਚਣਾ ਸ਼ੁਰੂ ਕਰ ਦਿੰਦੀ ਹੈ। ਇਸ ਲਈ ਸੰਸਥਾਵਾਂ ਦਾ ਵਿਨਾਸ਼ ਪ੍ਰਤੱਖ ਤੌਰ ਤੇ ਇਸ ਮੰਤਵ ਲਈ ਇਕ ਸ਼ਕਤੀਸ਼ਾਲੀ ਸਾਧਨ ਹੈ।

ਆਮ ਤੌਰ ਤੇ ਇਹ ਕਿਹਾ ਜਾਂਦਾ ਹੈ ਕਿ ਜੇਕਰ ਸੱਤਾ ਲੋਕਾਂ ਦਾ ਵਿਨਾਸ਼ ਕਰਨਾ ਚਾਹੁੰਦੀ ਹੈ, ਤਾਂ ਉਹ ਉਨ੍ਹਾਂ ਦੀਆਂ ਪੁਸਤਕਾਂ, ਉਨ੍ਹਾਂ ਦੇ ਮੰਦਰ, ਉਨ੍ਹਾਂ ਦੀਆਂ ਸੰਸਥਾਵਾਂ ਦਾ ਵਿਨਾਸ਼ ਕਰ ਦੇਵੇ ਅਤੇ ਉਨ੍ਹਾਂ ਦੇ ਇਤਿਹਾਸ ਨੂੰ ਤੋੜ-ਮਰੋੜ ਦੇਵੇ। ਸਿੱਖਾਂ ਨੇ ਆਪਣੀ ਸਭਿਅਤਾ ਤੇ ਇਸ ਹਮਲੇ ਨੂੰ ਅਨੁਭਵ ਕੀਤਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸਿੱਖਾਂ ਨਾਲ ਸੋਚੀ-ਸਮਝੀ ਅਤੇ ਪਹਿਲਾਂ ਨਿਸ਼ਚਿਤ ਕੀਤੀ ਸਾਜ਼ਿਸ਼ ਦੇ ਅਨੁਸਾਰ ਕੀਤਾ ਗਿਆ ਹੈ। ਸਿੱਖ ਫੌਜ ਦੇ ਉਨ੍ਹਾਂ ਵਿਅਕਤੀਆਂ ਨੂੰ ਕਤਲ ਕਰ ਦੇਣ ਜਾਂ ਉਨ੍ਹਾਂ ਨੂੰ ਬੰਦੀ ਬਣਾ ਲੈਣ, ਜਿਨ੍ਹਾਂ ਨੇ ਉਸ ਨੂੰ ਅਕਾਲ ਤਖ਼ਤ ਤੇ ਪਹੁੰਚਣ ਤੋਂ ਰੋਕਿਆ ਸੀ, ਕਈ ਦਿਨ ਮਗਰੋਂ ਸਿੱਖ ਲਾਇਬ੍ਰੇਰੀ ਨੂੰ ਸਾੜਿਆ ਗਿਆ। ਹਜ਼ਾਰਾਂ ਹੀ ਅਪੂਰਵ ਮੂਲ ਕਲਾ ਦੇ ਨਮੂਨੇ ਅਤੇ ਇਤਿਹਾਸਕ ਦਸਤਾਵੇਜ਼, ਜਿਨ੍ਹਾਂ ਵਿਚੋਂ ਕੁਝ ਗੁਰੂ ਸਾਹਿਬਾਨ ਦੇ ਆਪਣੀ ਹੱਥ-ਲਿਖਤ ਵਿਚ ਸਨ, ਗੁਆਚ ਗਏ। ਇਤਿਹਾਸਕ ਅਤੇ ਅੰਤਰੀਵੀ ਦੋਨੋਂ ਤਰ੍ਹਾਂ ਦੀਆਂ ਬਹੁਮੁੱਲੀਆਂ ਵਸਤਾਂ ਹਰਿਮੰਦਰ ਸਾਹਿਬ ਦੇ ਖ਼ਜ਼ਾਨੇ ਵਿਚੋਂ ਗਾਇਬ ਹੋ ਗਈਆਂ। ਓਪਰੇਸ਼ਨ ਬਲਿਊਸਟਾਰ ਦੇ ਸਮੇਂ ਚੁਹੱਤਰ ਹੋਰ ਗੁਰਦੁਆਰਿਆਂ ਤੇ ਹਮਲਾ ਕੀਤਾ ਗਿਆ ਅਤੇ ਇਸ ਤੋਂ ਕੁਝ ਮਹੀਨੇ ਮਗਰੋਂ, ਦਿੱਲੀ ਵਿਚ ਕਤਲੇਆਮ ਦੇ ਦੌਰ ਦੇ ਦੌਰਾਨ, ਸਿਰਫ ਦਿੱਲੀ ਵਿਚ ਹੀ 200 ਗੁਰਦੁਆਰਿਆਂ ਨੂੰ ਸਾੜਿਆ ਗਿਆ।

**ਹਿੰਦੁਸਤਾਨ ਟਾਈਮਜ਼** ਦੇ ਸੰਪਾਦਕ, ਵੀ.ਐਨ. ਨਾਰਾਇਣਨ, ਜੋ ਕਿ 1984 ਤੋਂ 1994 ਤਕ ਦੇ ਸਮੇਂ ਦੇ ਦੌਰਾਨ, **ਦਿ ਟ੍ਰਿਬਿਊਨ** ਦੇ ਸੰਪਾਦਕ ਸਨ, ਆਪਣੀ ਪੁਸਤਕ "**ਟ੍ਰਾਈਸਟ ਵਿਦ ਟੈਰਰ**" ਵਿਚ (ਪੰਨਾ 18) ਸੰਨ 1981 ਤੋਂ 1989 ਦੇ ਸਮੇਂ ਦੌਰਾਨ ਸਿੱਖਾਂ ਵਲੋਂ ਅੰਮ੍ਰਿਤ ਪਾਨ, ਇਕ ਤਰ੍ਹਾਂ ਦਾ

ਬਪਤਿਸਮਾ ਕਰਨ ਦੀ ਰਸਮ ਦਾ ਜ਼ਿਲ੍ਹੇਵਾਰ ਬਿਓਰਾ ਦਿੰਦੇ ਹਨ।

ਜਿਹੜੇ ਅੰਕੜੇ ਉਹ ਦਿੰਦੇ ਹਨ, ਭਾਵੇਂ ਮਹੱਤਵਹੀਨ ਹਨ, ਪਰੰਤੂ ਅਜਿਹੀ ਸੂਚੀ ਦੀ ਆਪਣੀ ਮਹੱਤਤਾ ਹੈ। ਗੁਰਦੁਆਰੇ ਆਪ ਵੀ ਅਜਿਹੀ ਸੂਚੀ ਉਸ ਨੂੰ ਮੁਹੱਈਆ ਨਹੀਂ ਕਰ ਸਕਦੇ, ਇਸ ਦਾ ਇੱਕੋ ਇਕ ਸੰਭਵ ਸੋਮਾ ਸਰਕਾਰ ਹੀ ਹੈ। ਇਸ ਗੱਲ ਤੇ ਨਜ਼ਰ ਰੱਖਣ ਵਿਚ ਕਿੰਨੇ ਸਿੱਖਾਂ ਨੇ ਅੰਮ੍ਰਿਤਪਾਨ ਕੀਤਾ ਸਰਕਾਰ ਕਿਉਂ ਰੁਚੀਵਾਨ ਸੀ ? ਉਹ ਸੰਦੇਹਪੂਰਣ ਜ਼ਰੂਰ ਹਨ। ਨਾਰਾਇਨਣ ਦੀ ਸੂਚੀ ਅਨੁਸਾਰ ਜ਼ਿਲ੍ਹਾ ਸੰਗਰੂਰ ਵਿਚ 1981 ਅਤੇ 1990 ਦੇ ਸਮੇਂ ਦੌਰਾਨ 1300 ਲੋਕਾਂ ਨੇ ਅੰਮ੍ਰਿਤਪਾਨ ਕੀਤਾ। ਮੇਰੇ ਆਪਣੇ ਪਿੰਡ ਦੇ ਗੁਰਦੁਆਰੇ ਦੇ ਪ੍ਰਬੰਧਕੀ ਬੋਰਡ ਦਾ ਮੈਂਬਰ ਹੋਣ ਦੇ ਨਾਤੇ, ਮੈਂ ਜਾਣਦਾ ਹਾਂ ਕਿ ਕੇਵਲ ਸਾਲ 1985 ਦੌਰਾਨ ਹੀ ਇਸ ਗੁਰਦੁਆਰੇ ਵਿਚ ਲਗਭਗ 2000 ਲੋਕਾਂ ਨੂੰ ਅੰਮ੍ਰਿਤਪਾਨ ਕਰਵਾਇਆ ਗਿਆ ਸੀ। ਕੀ ਸਰਕਾਰ ਅੰਕੜੇ ਇਕੱਤਰ ਕਰਨ ਵਿਚ ਇੰਨੀ ਅਕੁਸ਼ਲ ਹੋ ਸਕਦੀ ਹੈ ?

ਕੋਈ 30 ਹਜ਼ਾਰ ਸਿੱਖਾਂ ਨੂੰ ਸੰਗਰੂਰ ਜ਼ਿਲ੍ਹੇ ਵਿਚ ਭਾਈ ਰਣਜੀਤ ਸਿੰਘ ਜੋ ਕਿ ਬਾਅਦ ਵਿਚ ਪੁਲਿਸ ਹਿਰਾਸਤ ਵਿਚੋਂ ਗਾਇਬ ਹੋ ਗਏ, ਦੀ ਅਗਵਾਈ ਹੇਠ ਅੰਮ੍ਰਿਤਪਾਨ ਕਰਵਾਉਣ ਵਾਲਿਆਂ ਦੇ ਜੱਥੇ ਵਲੋਂ ਅੰਮ੍ਰਿਤਪਾਨ ਕਰਵਾਇਆ ਗਿਆ। ਧਰਮ ਅਤੇ ਸਭਿਆਚਾਰਕ ਕੀਮਤਾਂ ਲਿਬਾਸ ਨਾਲੋਂ ਵੱਧ ਹਨ ਪਰੰਤੂ ਸ਼ਰਧਾ ਦੇ ਬਾਹਰੀ ਪੱਖ ਦੀ ਵੀ ਆਪਣੀ ਮਹੱਤਤਾ ਹੈ। ਰਿਵਾਇਤੀ ਤੌਰ ਤੇ ਸਿੱਖ ਆਦਮੀ ਪਗੜੀ ਪਹਿਨਦੇ ਹਨ ਅਤੇ ਇਸ ਨੂੰ ਉਹ ਆਪਣਾ ਧਾਰਮਿਕ ਫਰਜ਼ ਵੀ ਸਮਝਦੇ ਹਨ। ਇਸ ਰਿਵਾਇਤ ਨੂੰ ਫੌਜੀ ਸੇਵਾਵਾਂ ਅਤੇ ਸੁਰੱਖਿਆ ਸੇਵਾਵਾਂ ਵਲੋਂ ਵੀ ਸਨਮਾਨਿਆ ਗਿਆ ਹੈ, ਇਥੋਂ ਤਕ ਕਿ ਯੂ.ਐਸ.ਏ., ਕੈਨੇਡਾ, ਯੂ.ਕੇ. ਅਤੇ ਹੋਰ ਦੇਸ਼ਾਂ ਵਿਚ ਵੀ। ਸਿੱਖਾਂ ਨੂੰ ਡਿਊਟੀ ਸਮੇਂ ਪਗੜੀ ਪਹਿਨਣ ਦੇ ਅਧਿਕਾਰ ਦੇ ਮਸਲੇ ਤੇ ਅਦਾਲਤ ਵਿਚ ਜਾਣਾ ਪੈਂਦਾ ਹੈ, ਪਰੰਤੂ ਉਨ੍ਹਾਂ ਅਦਾਲਤਾਂ ਦੇ ਸਦਕੇ ਇਸ ਅਧਿਕਾਰ ਨੂੰ ਧਾਰਮਿਕ ਆਜ਼ਾਦੀ ਦੇ ਸਿਧਾਂਤ ਦੇ ਅਧੀਨ ਬਹਾਲ ਰੱਖਿਆ ਗਿਆ ਹੈ। ਦੂਜੇ ਪਾਸੇ ਪੰਜਾਬ ਵਿਚ ਪਿਛਲੇ ਕੁਝ ਸਾਲਾਂ ਦੌਰਾਨ, ਸਿੱਖਾਂ ਦੇ ਰਿਵਾਇਤੀ ਸਿਰ ਦੇ ਵਸਤਰ ਨੂੰ ਬਰਕਰਾਰ ਰੱਖਣ ਦੇ ਅਧਿਕਾਰ ਤੇ ਹਮਲਾ ਕਰਨ ਦੀਆਂ ਸੋਚੀਆਂ ਸਮਝੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। ਇਹ ਦੇਖਿਆ ਗਿਆ ਹੈ ਕਿ ਪੁਲਿਸ ਕਰਮਚਾਰੀਆਂ, ਖ਼ਾਸ ਤੌਰ ਤੇ ਕਮਾਂਡੋ ਦਸਤਿਆਂ ਨੂੰ ਪਗੜੀ ਦੇ ਬਦਲੇ ਪਿੱਛੇ ਢਿੱਲਾ ਛੱਡਿਆ ਕਪੜੇ ਦਾ ਪਟਕਾ ਬਨ੍ਹਣ ਦੀ ਹਦਾਇਤ ਕੀਤੀ ਜਾਂਦੀ ਹੈ। ਕਮਾਂਡੋਆਂ ਵਿਚ ਗੈਰ-ਸਿੱਖਾਂ ਨੂੰ ਆਪਣੀ ਦਾੜ੍ਹੀ ਵਧਾਉਣੀ ਪੈਂਦੀ ਹੈ ਅਤੇ ਪਟਕਾ ਬਨ੍ਹਣਾ ਪੈਂਦਾ ਹੈ। ਇਸਦਾ ਉਦੇਸ਼ ਬਾਹਰੀ ਧਾਰਮਿਕ ਸ਼ਨਾਖ਼ਤ ਨੂੰ ਮਿਟਾ ਦੇਣਾ ਹੈ। ਕੀ ਇਹ ਵਿਉਂਤ ਫੌਜੀ ਦਸਤਿਆਂ ਵਿਚ ਵੀ ਫੈਲਾਈ ਜਾਵੇਗੀ ? ਇਸੇ ਤਰ੍ਹਾਂ ਸਕੂਲਾਂ ਅਤੇ ਕਾਲਜਾਂ ਦੀਆਂ ਪਾਠ-ਪੁਸਤਕਾਂ ਵਿਚੋਂ ਇਤਿਹਾਸ ਨੂੰ ਤੋੜਨ-ਮਰੋੜਨ ਤੇ ਉਠ ਰਹੀ ਆਵਾਜ਼ ਤੇ ਵੀ ਚਿੰਤਾ ਪ੍ਰਗਟ

ਕੀਤੀ ਜਾਂਦੀ ਹੈ। ਸੱਤਰਵੇਂ ਦੇ ਆਖਰ ਵਿਚ ਆਪਾਤਕਾਲੀਨ ਸਮੇਂ ਤੋਂ ਲੈ ਕੇ ਨਿਯਮਾਂ ਅਤੇ ਅਧਿਕਾਰੀਆਂ ਨੂੰ ਝੁਕਾਉਣ - ਜਾਂ ਉਨ੍ਹਾਂ ਨੂੰ ਅਣਗੌਲਿਆਂ ਕਰਨ ਦਾ ਬੜਾ ਰੌਲਾ ਰਿਹਾ ਹੈ। ਅਸੀਂ ਚੋਣ ਢਾਂਚੇ, ਸਿਵਲ ਸੇਵਾਵਾਂ, ਜੇਲ੍ਹ ਅਤੇ ਰਾਜ ਦੀਆਂ ਡਾਕਟਰੀ ਸੇਵਾਵਾਂ, ਪੁਲਿਸ ਅਤੇ ਸਭ ਤੋਂ ਵੱਡੇ ਦੁਖ ਦੀ ਗੱਲ ਹੈ ਕਿ ਨਿਆਂਪਾਲਕਾ ਵਿਚ ਖੋਰ ਨੂੰ ਵੇਖਿਆ ਹੈ।

ਇਹ ਭਾਗ ਨਾ ਕੇਵਲ ਅਜਿਹੀਆਂ ਸੰਸਥਾਵਾਂ ਵਲੋਂ ਨਾਗਰਿਕਾਂ ਉਪਰ ਹਮਲੇ ਸਗੋਂ ਕੇਂਦਰੀ ਸਰਕਾਰ ਅਤੇ ਸ਼ਾਸਕ ਪਾਰਟੀ ਦੁਆਰਾ ਖ਼ੁਦ ਇਨ੍ਹਾਂ ਸੰਸਥਾਵਾਂ ਉਪਰ ਹਮਲੇ ਨਾਲ ਸਬੰਧਤ ਹੈ।

9

# ਰਾਜਨੀਤਕ ਸੰਸਥਾਵਾਂ

*ਚੋਣ ਪ੍ਰਣਾਲੀ*

ਭਾਰਤ ਨੂੰ ਆਪਣੇ ਆਪ ਤੇ ਦੁਨੀਆਂ ਦਾ ਸਭ ਤੋਂ ਵੱਡਾ ਪ੍ਰਜਾਤੰਤਰ ਹੋਣ ਦਾ ਫਖ਼ਰ ਹੈ ਅਤੇ ਇਸ ਦੀ - ਘੱਟੋ-ਘੱਟ ਕਾਗਜ਼ਾਂ ਵਿਚ - ਚੋਣਾਂ ਕਰਵਾਉਣ ਲਈ ਵਿਸਤ੍ਰਿਤ ਅਤੇ ਅਕੱਟ ਕਾਨੂੰਨੀ ਸੰਸਥਾ ਹੈ। ਜਦੋਂ ਵੀ ਕਦੇ ਭਾਰਤੀ ਚੋਣਾਂ ਦੇ ਨਿਰਪੱਖ ਹੋਣ ਤੇ ਸ਼ੰਕਾ ਪ੍ਰਗਟ ਕੀਤੀ ਜਾਂਦੀ ਹੈ ਤਾਂ ਨੁਕਤਾਚੀਨੀ ਕਰਨ ਵਾਲਿਆਂ ਨੂੰ 1977 ਦੀਆਂ ਲੋਕ ਸਭਾ ਚੋਣਾਂ ਦੇ ਉਸ ਇਤਿਹਾਸਕ ਫੈਸਲੇ, ਜਿਸਨੇ ਆਪਾਤਕਾਲੀਨ ਰਾਜ ਨੂੰ ਖ਼ਤਮ ਕੀਤਾ ਜਾਂ 1989 ਦੀ ਜਨਤਾ ਦੀ ਜਿੱਤ ਦਾ ਸਾਹਮਣਾ ਕਰਨਾ ਪੈਂਦਾ ਹੈ। ਅਤੇ ਫਿਰ ਵੀ ਭਾਰਤੀ ਰਾਜਨੀਤਕ ਪ੍ਰਣਾਲੀ ਦੇ ਪੱਕੇ ਸਮੱਰਥਕ ਵੀ ਇਸ ਗੱਲ ਤੋਂ ਮੁਨਕਰ ਨਹੀਂ ਹੋ ਸਕਦੇ ਕਿ ਸਾਲ-ਬਰ-ਸਾਲ ਚੋਣਾਂ ਵੱਧ ਤੋਂ ਵੱਧ ਹਿੰਸਕ ਹੋ ਰਹੀਆਂ ਹਨ ਅਤੇ ਚੋਣਕਾਰਾਂ ਦੀ ਇੱਛਾ ਨੂੰ ਮੋੜਨ ਲਈ ਛਲ-ਕਪਟ ਅਤੇ ਗੈਰ-ਕਾਨੂੰਨੀ ਸਾਧਨ ਵੱਧ ਰਹੇ ਹਨ। ਇਕ ਸਮਾਂ ਸੀ ਜਦੋਂ ਪਿਆਰ ਤੇ ਜੰਗ ਵਿਚ ਸਭ ਕੁਝ ਜਾਇਜ਼ ਕਿਹਾ ਸੀ; ਪਰ ਹੁਣ ਪਿਆਰ, ਜੰਗ ਅਤੇ ਚੋਣਾਂ ਵਿਚ ਸਭ ਕੁਝ ਜਾਇਜ਼ ਹੈ।

ਆਜ਼ਾਦੀ ਪ੍ਰਾਪਤ ਕਰਨ ਤੋਂ ਬਾਅਦ ਪਹਿਲੀਆਂ ਦੋ ਰਾਸ਼ਟਰੀ ਚੋਣਾਂ ਤੁਲਨਾਤਮਕ ਤੌਰ ਤੇ ਸਾਫ ਸਨ ਅਤੇ ਧਰਮ-ਨਿਰਪੱਖ ਵਾਤਾਵਰਣ ਵਿਚ ਲੜੀਆਂ ਗਈਆਂ ਸਨ। ਕਾਂਗਰਸ - ਆਜ਼ਾਦੀ ਸੰਗ੍ਰਾਮ ਦੀ ਪਾਰਟੀ ਨੇ ਸ਼ਾਂਤੀ ਦੇ ਪੁੰਜ ਜਵਾਹਰ ਲਾਲ ਨਹਿਰੂ ਦੀ ਅਗਵਾਈ ਹੇਠ ਲੋਕਮਤ ਹਾਸਲ ਕੀਤਾ ਪਰੰਤੂ ਸਮੇਂ ਅਤੇ ਵਿਹਾਰਿਕ ਸਿਆਸਤ ਦੇ ਹੰਡਣ-ਵਰਤਣ ਤੇ ਜਲਦੀ ਹੀ ਸੱਤਾ ਵਿਚ ਆਈਆਂ ਹੋਈਆਂ ਪਾਰਟੀਆਂ ਦੀ ਚਮਕ ਖ਼ਤਮ ਕਰ ਦਿੱਤੀ। ਸੱਤਾ ਵਿਚ ਆਈ ਹੋਈ ਪਾਰਟੀ ਦੇ ਨਾਲ ਲੋਕਾਂ ਦੀ ਨਿਰਾਸ਼ਤਾ ਨੇ ਵਿਰੋਧੀ ਪਾਰਟੀਆਂ ਦੀ ਚੜ੍ਹਤ ਵਿਚ ਵਾਧਾ ਕੀਤਾ।

ਜਿਵੇਂ ਜਿਵੇਂ ਵਿਰੋਧੀ ਧਿਰ ਤਾਕਤ ਅਤੇ ਜਨਤਕ ਅਪੀਲ ਵਿਚ ਪਰਫੁਲਤ ਹੋਈ, ਸ਼ਾਸਕ ਪਾਰਟੀ ਦੇ ਉਪਰ ਸੱਤਾ ਵਿਚ ਰਹਿਣ ਦੀ ਖ਼ਾਤਰ ਸਿਧਾਂਤਾਂ ਨੂੰ ਬਲਿਦਾਨ ਕਰਨ ਦੇ ਦਬਾਅ ਨੂੰ ਟਾਲਣਾ ਅਸੰਭਵ ਹੋ ਗਿਆ। "ਵੈਸਟਮਿਨਸਟਰ ਦਾ ਆਦਰਸ਼" ਜਿਸ ਦੀ ਧਾਰਣਾ ਇਹ ਹੈ ਕਿ ਪਾਰਟੀਆਂ ਸਦਨ ਵਿਚ ਬਹਿਸ ਦੁਆਰਾ ਮੁਕਾਬਲਾ ਕਰਨਗੀਆਂ ਅਤੇ ਚੋਣਕਾਰਾਂ ਨੂੰ ਤਕਰੀਰਾਂ ਅਤੇ ਪਿਆਰ

ਨਾਲ ਆਕਰਸ਼ਿਤ ਕਰਨਗੀਆਂ, ਭਾਰਤੀ ਮਾਹੌਲ ਦੀ ਕੱਟੜਤਾ ਤੇ ਖਰਾ ਨਹੀਂ ਉਤਰਦਾ। ਚੀਨ ਨੇ ਭਾਵੇਂ ਬਹੁਤ ਦਲੇਰੀ ਅਤੇ ਦ੍ਰਿੜ੍ਹਤਾ ਨਾਲ ਪੱਛਮੀ ਮੱਧ ਸ਼੍ਰੇਣੀ ਤੇ ਆਪਣਾ ਨੱਕ ਚਿੜ੍ਹਾਇਆ ਹੈ ਅਤੇ ਸੰਸਦੀ ਲੋਕਤੰਤਰ ਨੂੰ ਜ਼ੋਰ-ਸ਼ੋਰ ਅਤੇ ਤਾਕਤ ਨਾਲ ਰੱਦ ਕੀਤਾ ਹੈ, ਪਰੰਤੂ ਭਾਰਤ ਨੇ ਸੰਸਦੀ ਲੋਕਤੰਤਰ ਪੁਸ਼ਾਕ ਨੂੰ ਅੰਤਰ-ਰਾਸ਼ਟਰੀ ਮੌਕਿਆਂ ਲਈ ਆਪਣੇ ਵਸਤਰ-ਭੰਡਾਰ ਵਿਚ ਇਕ ਮਹੱਤਵਪੂਰਣ ਵਾਧਾ ਮਹਿਸੂਸ ਕੀਤਾ ਹੈ। ਪਰੰਤੂ ਦੇਸ਼ ਦੇ ਅੰਦਰ, ਜਦੋਂ ਵਿਹਾਰਕ ਰਾਜਨੀਤਕ ਪ੍ਰਬੰਧ ਦਾ ਮੌਕਾ ਆਇਆ, ਭਾਰਤੀ ਹੁਕਮਰਾਨਾਂ ਨੇ ਅਪਰਾਧੀ ਜੁੰਡਲੀਆਂ ਜਾਂ ਆਪਣੀ ਸੱਤਾ ਬਣਾਈ ਰੱਖਣ ਲਈ ਨਸਲਕੁਸ਼ੀ ਤੇ ਆਧਾਰਤ ਦੰਗੇ ਕਰਵਾਉਣ ਤੋਂ ਕੋਈ ਗੁਰੇਜ਼ ਨਹੀਂ ਕੀਤਾ। ਸੰਸਦੀ ਲੋਕਤੰਤਰ ਨੇ ਭਾਰਤ ਵਿਚ ਚੰਗਾ ਸਾਬਤ ਹੋਣਾ ਸੀ ਜੇਕਰ ਇਸਨੂੰ ਸੰਘੀ ਸੰਵਿਧਾਨ ਨਾਲ ਮਿਲਾਇਆ ਗਿਆ ਹੁੰਦਾ ਜਿਵੇਂ ਕਿ ਆਜ਼ਾਦੀ ਤੋਂ ਪਹਿਲਾਂ ਵਾਅਦਾ ਕੀਤਾ ਗਿਆ ਸੀ।

ਮੁਸ਼ਕਲ ਹਾਲਾਤ ਵਿਚੋਂ ਦੀ ਲੰਘਣ ਲਈ ਹਾਲਾਤ ਨੂੰ ਹੋਰ ਪੇਚੀਦਾ ਕਰਨ ਦੀ ਕਾਰਵਾਈ ਬਾਰ-ਬਾਰ ਕੀਤੀ ਜਾਂਦੀ ਹੈ। ਕਈ ਸਾਲ ਕਮਿਊਨਿਸਟਾਂ ਨੇ 'ਕਲਾਸ' ਸ਼ਬਦ ਨੂੰ ਰਿੜਕਿਆ ਜਿਸ ਦਾ ਕਿ ਕੇਵਲ ਸਥਾਨਕ ਪ੍ਰਭਾਵ ਸੀ; ਗੈਰ-ਕਮਿਊਨਿਸਟ ਪਾਰਟੀਆਂ ਨੇ ਜਾਤੀ ਅਤੇ ਧਰਮ ਦੇ ਆਧਾਰ ਤੇ ਕੰਮ ਕਰਦੇ ਹੋਏ ਇਸ ਤੋਂ ਵੀ ਜ਼ਿਆਦਾ ਚਿੱਕੜ ਉਛਾਲਿਆ। ਫਿਰਕੂ ਲੀਹਾਂ ਤੇ ਵੰਡ ਨੂੰ ਆਸਾਨੀ ਨਾਲ ਵੋਟਾਂ ਦੇ ਰੂਪ ਵਿਚ ਪ੍ਰਤੱਖ ਕੀਤਾ ਗਿਆ। ਜਨਤਾ ਦੇ ਕੁਝ ਤਬਕੇ ਤਾਂ ਦੂਜਿਆਂ ਨਾਲੋਂ ਆਸਾਨੀ ਨਾਲ ਰਿੜਕੇ ਗਏ; ਇਨ੍ਹਾਂ ਵਿਚੋਂ ਸਭ ਤੋਂ ਆਸਾਨੀ ਨਾਲ ਵੱਖਰੇ ਹੋਣ ਵਾਲੇ ਉੱਚ ਜਾਤੀ ਦੇ ਹਿੰਦੂ ਸਨ ਉਹ ਤੁਲਨਾਤਮਕ ਤੌਰ ਤੇ ਰੱਜੇ-ਪੁੱਜੇ ਸਨ, ਆਪਣੇ ਆਪ ਨੂੰ 'ਇੰਡੀਅਨ' ਸ਼ਬਦ ਦੀ ਮੋਹਰ ਅਤੇ ਸਰੂਪ ਵਜੋਂ ਨਿਰਧਾਰਿਤ ਕਰਦੇ ਹਨ ਅਤੇ ਇਸ ਲਈ ਰਾਜਨੀਤਕ ਸ਼ਕਤੀ ਦੇ 'ਤਰਕਪੂਰਨ' ਰੱਖਿਅਕ ਹਨ। ਅਸਲ ਵਿਚ ਇਹ ਗੁੱਟ - ਉਦਾਰਪੂਰਵਕ ਅਨੁਮਾਨ ਦੁਆਰਾ - ਮੁਸ਼ਕਲ ਨਾਲ ਰਾਸ਼ਟਰ ਦੀ ਕੁੱਲ ਜਨਸੰਖਿਆ ਦਾ ਪੰਦਰਾਂ ਫ਼ੀਸਦੀ ਭਾਗ ਬਣਦਾ ਹੈ। ਉਹ ਵਿਸ਼ਾਲ ਸ਼ਹਿਰੀ ਅਧੀਨ ਸ਼੍ਰੇਣੀਆਂ ਜਿਨ੍ਹਾਂ ਵਿਚੋਂ ਜ਼ਿਆਦਾਤਰ ਅਨੁਸੂਚਿਤ ਜਾਤੀਆਂ ਦੇ ਮਜ਼ਦੂਰ ਹਨ ਦੇ ਉਪਰ ਬੈਠੇ ਹਨ। ਅਤੇ ਇਕ ਵਾਰੀ ਜੇਕਰ ਕੋਈ ਪੇਂਡੂ ਇਲਾਕੇ ਦੇ ਵਿਚ ਜਾਂਦਾ ਹੈ ਤਾਂ ਉਸ ਦਾ ਸਾਮ੍ਹਣਾ ਪੱਛੜੀਆਂ ਸ਼੍ਰੇਣੀਆਂ (60%) ਜਿਨ੍ਹਾਂ ਵਿਚ ਕਿਸਾਨ ਅਤੇ ਕਾਰੀਗਰ ਆਦਿ ਸ਼ਾਮਲ ਹਨ ਦੇ ਵਿਸ਼ਾਲ ਸਮੁੰਦਰ ਅਤੇ ਅਨੁਸੂਚਿਤ ਜਾਤੀਆਂ (25%) ਨਾਲ ਹੁੰਦਾ ਹੈ। ਮੰਡਲ ਕਮਿਸ਼ਨ ਦੀ ਰਿਪੋਰਟ ਤੇ ਫੈਲੀ ਰਾਸ਼ਟਰ-ਵਿਆਪੀ ਹਿੰਸਾ ਨਾਲੋਂ ਵੱਧ ਇਸ ਰੰਗ-ਮੰਚ ਨੂੰ ਕੁਝ ਵੀ ਵਧੇਰੇ ਚੰਗੀ ਤਰ੍ਹਾਂ ਬਿਆਨ ਨਹੀਂ ਕਰ ਸਕਦਾ। ਪਰੰਤੂ ਸਿੱਖ ਸੰਘਰਸ਼ ਵੀ ਇਸੇ ਹੀ ਵੰਡ ਅਤੇ ਤਬਾਹਕੁਨ ਮਤਭੇਦ ਦਾ ਪ੍ਰਦਰਸ਼ਨ ਹੈ।

ਕਈ ਸਾਲਾਂ ਤਕ ਕਾਂਗਰਸ ਪਾਰਟੀ ਨੇ ਉੱਚ ਜਾਤੀਆਂ ਦੇ ਹਿੰਦੂਆਂ ਦਾ

ਪੱਖ ਪੂਰਨ ਲਈ ਅਤੇ ਉਚ ਜਾਤੀਆਂ ਨੂੰ ਪੱਛੜੀਆਂ ਸ਼੍ਰੇਣੀਆਂ ਦੇ ਉਪਰ ਰੱਖਣ ਲਈ ਅਨੁਸੂਚਿਤ ਜਾਤੀਆਂ ਨੂੰ ਸਰਪ੍ਰਸਤੀ ਪ੍ਰਦਾਨ ਕੀਤੀ। ਅਸੈਂਬਲੀ ਅਤੇ ਸੰਸਦੀ ਸੀਟਾਂ ਵਿਚ, ਸਰਕਾਰੀ ਨੌਕਰੀਆਂ ਵਿਚ ਅਤੇ ਉਚੇਰੀ ਸਿਖਿਆ ਵਿਚ ਅਨੁਸੂਚਿਤ ਜਾਤੀਆਂ ਲਈ ਰਿਜ਼ਰਵੇਸ਼ਨ ਨੀਤੀ ਉਸ ਸਮਝੋਤੇ ਦਾ ਮੂਲ-ਸਿਧਾਂਤ ਸੀ।

ਇਸ ਸਮਝੌਤੇ ਦਾ ਖੋਖਲਾਪਣ ਇਸ ਪੱਖੋਂ ਸਾਫ਼ ਦਿਖਾਈ ਦਿੰਦਾ ਸੀ ਕਿਉਂਕਿ ਇਸ ਵਿਚ ਸਾਰੇ ਭਾਰਤ ਵਿਚ ਮੁੱਢਲੀ ਸਿਖਿਆ ਨੂੰ ਘੱਟ ਅਹਿਮੀਅਤ ਦਿੱਤੀ ਗਈ ਸੀ। ਅਨੁਸੂਚਿਤ ਜਾਤੀ ਦੇ ਕੁਝ ਕੁ ਬੱਚੇ ਸਕੂਲ ਜਾ ਸਕਦੇ ਸਨ - ਉਹ ਵੀ ਮੈਟ੍ਰਿਕ ਤੋਂ ਥੱਲੇ ਤਕ। ਕਾਲਜਾਂ, ਯੂਨੀਵਰਸਿਟੀਆਂ ਅਤੇ ਸਰਕਾਰੀ ਨੌਕਰੀਆਂ ਵਿਚ ਉਨ੍ਹਾਂ ਲਈ ਰਿਜ਼ਰਵ ਸੀਟਾਂ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਰਹਿੰਦੀਆਂ ਸਨ। ਨਾ ਹੀ ਬਾਕੀ ਪੱਛੜੀਆਂ ਸ਼੍ਰੇਣੀਆਂ (OBC) ਦੇ ਪਿੰਡਾਂ ਨਾਲ ਸਬੰਧ ਰੱਖਣ ਵਾਲੇ ਵਿਅਕਤੀ ਉੱਚੀਆਂ ਜਾਤਾਂ ਦਾ ਮੁਕਾਬਲਾ ਕਰਨ ਦੇ ਯੋਗ ਸਨ। ਉਚੇਰੀ ਸਿਖਿਆ ਸ਼ਹਿਰੀ ਇਲਾਕਿਆਂ ਤਕ ਹੀ ਸੀਮਿਤ ਸੀ, ਕੇਵਲ ਬਹੁਤ ਅਮੀਰ ਲੋਕ ਹੀ ਸਨ ਜਿਹੜੇ ਪਬਲਿਕ ਸਕੂਲਾਂ ਵਿਚ ਪੜ੍ਹ ਸਕਦੇ ਸਨ।

ਸਿਖਿਆ ਨੂੰ ਰਾਜ ਸੂਚੀ ਤੋਂ ਸਮਵਰਤੀ ਸੂਚੀ ਵਿਚ ਬਦਲਣਾ ਅਤੇ ਫਿਰ ਉਚੇਰੀ ਸਿਖਿਆ ਨੂੰ ਸਮਵਰਤੀ ਸੂਚੀ ਤੋਂ ਕੇਂਦਰੀ ਸੂਚੀ ਵਿਚ ਲੈਣਾ, ਲਤਾੜੇ ਹੋਏ ਲੋਕਾਂ ਨੂੰ ਉਚੇਰੀ ਸਿਖਿਆ ਤੋਂ ਦੂਰ ਰੱਖਣ ਲਈ ਕੇਂਦਰ ਦੇ ਇਰਾਦੇ ਨੂੰ ਨੰਗਿਆਂ ਕਰਦਾ ਹੈ। ਇਹ ਵਰਣਨਯੋਗ ਹੈ ਕਿ ਕੋਈ ਵੀ ਵਿਅਕਤੀ ਏਨੀ ਆਸਾਨੀ ਨਾਲ ਸਕੂਲ ਖੋਲ੍ਹ ਸਕਦਾ ਹੈ ਜਿਵੇਂ ਉਹ ਇਕ ਚਾਹ ਦੀ ਦੁਕਾਨ ਖੋਲ੍ਹ ਸਕਦਾ ਹੈ, ਪਰੰਤੂ ਜੇਕਰ ਕੋਈ ਰਾਜ ਸਰਕਾਰ ਐਲਾਨ ਕਰੇ ਕਿ ਉਸ ਦਾ ਕੇਂਦਰੀ ਮਨਜ਼ੂਰਸ਼ੁਦਾ ਕੋਟੇ ਤੋਂ ਜ਼ਿਆਦਾ ਸਰਕਾਰੀ ਸਕੂਲ ਖੋਲ੍ਹਣ ਦਾ ਵਿਚਾਰ ਹੈ ਤਾਂ ਉਸ ਨੂੰ ਅਜਿਹਾ ਕਰਨ ਲਈ ਨਿਮਰਤਾ ਸਹਿਤ ਕੇਂਦਰ ਸਰਕਾਰ ਨੂੰ ਪਹੁੰਚ ਕਰਨੀ ਹੋਵੇਗੀ। ਜਿਥੋਂ ਤਕ ਯੂਨੀਵਰਸਿਟੀਆਂ ਦਾ ਸਬੰਧ ਹੈ ਇਹ ਸਾਰੀਆਂ ਇਕ ਕੇਂਦਰੀ ਏਜੰਸੀ, ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਰਾਹੀਂ ਖੋਲ੍ਹੀਆਂ ਜਾਂਦੀਆਂ ਹਨ। ਯੂ ਜੀ ਸੀ ਦਾ ਅੱਸੀ ਪ੍ਰਤਿਸ਼ਤ ਬਜਟ ਕੇਂਦਰ ਦੁਆਰਾ ਚਲਾਈਆਂ ਜਾਂਦੀਆਂ ਸੰਸਥਾਵਾਂ ਲਈ ਰੱਖਿਆ ਜਾਂਦਾ ਹੈ ਅਤੇ 20 ਪ੍ਰਤਿਸ਼ਤ ਸਾਰੇ ਭਾਰਤ ਵਿਚ 113 ਯੂਨੀਵਰਸਿਟੀਆਂ ਨੂੰ ਐਲੋਕੇਟ ਕੀਤਾ ਜਾਂਦਾ ਹੈ।

ਦਲਿਤ ਜਿਹੜੇ ਸਮਾਜਿਕ ਤੌਰ ਤੇ ਆਪਣੇ ਗਵਾਂਢੀ ਹਿੰਦੂਆਂ ਨੂੰ ਪਸੰਦ ਨਹੀਂ ਸਨ ਅਤੇ ਜਿਹੜੇ ਜਾਤ-ਪਾਤ ਵਿਚ ਘੱਟ ਕੱਟੜਤਾ ਰੱਖਣ ਵਾਲੀਆਂ ਜਾਤਾਂ ਜਿਵੇਂ ਇਸਲਾਮ, ਬੋਧੀ, ਇਸਾਈ ਮੱਤ ਅਤੇ ਸਿੱਖ ਮੱਤ ਵਿਚ ਤਬਦੀਲ ਹੋਣਾ ਚਾਹੁੰਦੇ ਸਨ, ਨੂੰ ਕਈ ਢੰਗਾਂ ਰਾਹੀਂ ਅਜਿਹਾ ਕਰਨ ਤੋਂ ਰੋਕਿਆ ਗਿਆ। ਰਾਖਵੇਂਪਨ ਦੀ ਨੀਤੀ ਕੇਵਲ ਦਲਿਤ ਹਿੰਦੂਆਂ ਤੇ ਹੀ ਲਾਗੂ ਹੁੰਦੀ ਸੀ ਅਤੇ

ਕੋਈ ਹੋਰ ਧਰਮ ਅਪਨਾਉਣ ਤੇ ਇਹ ਲਾਗੂ ਨਹੀਂ ਕੀਤੀ ਜਾਂਦੀ ਸੀ। ਸਿੱਖਾਂ ਨੇ ਬਹੁਤ ਰੌਲਾ-ਰੱਪਾ ਪਾਇਆ ਅਤੇ ਕਾਫੀ ਜੱਦੋ-ਜਹਿਦ ਕਰਨ ਤੋਂ ਬਾਅਦ ਹੀ ਉਹ ਸਿੱਖੀ ਧਾਰਨ ਕਰ ਲੈਣ ਵਾਲੇ ਦਲਿਤ ਸਿੱਖਾਂ ਨੂੰ ਇਹ ਸਹੂਲਤ ਬਹਾਲ ਕਰਵਾਉਣ ਦੇ ਯੋਗ ਹੋਏ। ਇਹ ਬਦਕਿਸਮਤੀ ਨਾਲ ਅਜੇ ਵੀ ਉਨ੍ਹਾਂ ਲੋਕਾਂ ਤੇ ਨਹੀਂ ਲਾਗੂ ਹੁੰਦੀ ਜਿਨ੍ਹਾਂ ਨੇ ਇਸਲਾਮ ਜਾਂ ਬੁਧ ਧਰਮ ਜਾਂ ਇਸਾਈ ਧਰਮ ਅਪਣਾਇਆ ਹੈ।

ਧਰਮ ਪਰਿਵਰਤਨ ਕਰਨਾ ਭਾਰਤ ਵਿਚ ਇਕ ਬੜਾ ਅਹਿਮ ਮਸਲਾ ਰਿਹਾ ਹੈ। ਜ਼ਿਆਦਾਤਰ ਧਰਮ ਤਬਦੀਲੀ ਅੰਤਰ-ਧਾਰਮਿਕ ਸ਼ਾਦੀਆਂ ਦੇ ਹਾਲਾਤ ਵਿਚ ਹੁੰਦੀ ਹੈ ਜਦੋਂ ਪਤਨੀ ਪਤੀ ਦਾ ਧਰਮ ਅਪਣਾਉਂਦੀ ਹੈ। ਸਮੇਂ ਸਮੇਂ ਤੇ ਹੋਰ ਧਰਮਾਂ ਦੇ ਲੋਕਾਂ ਨੇ ਇਸਲਾਮ ਧਰਮ ਦੇ ਵਿਆਹਾਂ ਅਤੇ ਤਲਾਕ ਉਪਬੰਧਾਂ ਦਾ ਫਾਇਦਾ ਲੈਣ ਲਈ ਇਹ ਧਰਮ ਬਦਲਿਆ। ਜਦੋਂ ਹਿੰਦੂ ਧਰਮ ਨੂੰ ਨੀਵੀਆਂ ਜਾਤਾਂ ਦੇ ਲੋਕਾਂ ਨੇ ਤਿਆਗ ਦਿੱਤਾ ਤਾਂ ਸਥਾਨਕ ਹਿੰਦੂ ਸੋਸਾਇਟੀ ਵਿਚ ਸਚ-ਮੁਚ ਇਕ ਸਖ਼ਤ ਸਦਮੇ ਦੀ ਇਕ ਲਹਿਰ ਦੌੜ ਗਈ ਅਤੇ ਇਸ ਦਾ ਇਕ ਦਮ ਪ੍ਰਤਿਕਰਮ ਹੋਇਆ - ਕੁਝ ਕੁਝ ਬਾਈਕਾਟ ਹੋਏ ਲੇਕਿਨ ਅਗਜ਼ਨੀ, ਦੰਗੇ, ਬਲਾਤਕਾਰ ਅਤੇ ਹੋਰ ਕਿਸਮ ਦੇ ਅਤਿਆਚਾਰ ਬਹੁਤ ਜ਼ਿਆਦਾ ਹੋਏ। ਲੋਕੀ ਭਾਵੇਂ ਕਹਿ ਸਕਦੇ ਹਨ ਕਿ "ਧਰਮ ਇਕ ਨਿੱਜੀ ਮਾਮਲਾ ਹੈ" ਪਰੰਤੂ ਅਸਲ ਵਿਚ ਕਿਸੇ ਵਿਅਕਤੀ ਦੇ ਧਾਰਮਿਕ ਵਿਸ਼ਵਾਸ ਨੂੰ ਇਸ ਤਰ੍ਹਾਂ ਸਮਝਿਆ ਜਾਂਦਾ ਹੈ ਕਿ ਜਿਵੇਂ ਸਮਾਜ ਬਲਕਿ ਸਰਕਾਰ ਨੇ ਵੀ ਇਸ ਵਿਚ ਦਖ਼ਲਅੰਦਾਜ਼ੀ ਕਰਨ ਦੀ ਜ਼ਿੰਮੇਵਾਰੀ ਲਈ ਹੋਵੇ।

ਰਾਜਸਥਾਨ ਦੇ ਭਰਤਪੁਰ ਦੇ ਨੇੜੇ ਇਕ ਕਸਬੇ ਘੁਮਰ ਵਿਚ ਵਾਪਰੀਆਂ ਘਟਨਾਵਾਂ ਦਸਦੀਆਂ ਹਨ ਕਿ ਸਦਮੇ ਦੀਆਂ ਲਹਿਰਾਂ ਕਿਸ ਤਰ੍ਹਾਂ ਦੀਆਂ ਸਨ ਜਦੋਂ ਸਮਾਜ ਦੇ ਇਕ ਤਬਕੇ ਨੇ ਸੌਂਪੀ ਹੋਈ ਸਮਾਜਕ-ਧਾਰਮਿਕ ਵਿਵਸਥਾ ਨੂੰ ਪ੍ਰੇਸ਼ਾਨ ਕੀਤਾ ਅਤੇ ਜਿਵੇਂ ਉਮੀਦ ਹੀ ਸੀ, ਨੀਵੀਆਂ ਜਾਤਾਂ ਨੇ ਵੱਧ ਤੋਂ ਵੱਧ ਨੁਕਸਾਨ ਉਠਾਇਆ - ਕਈ ਨੀਵੀਆਂ ਜਾਤਾਂ ਦੇ ਲੋਕਾਂ ਤੇ ਤਸ਼ੱਦਦ ਕੀਤਾ ਗਿਆ, ਉਨ੍ਹਾਂ ਦੀਆਂ ਇਸਤ੍ਰੀਆਂ ਨਾਲ ਬਲਾਤਕਾਰ ਕੀਤਾ ਅਤੇ ਉਨ੍ਹਾਂ ਦੇ ਘਰ ਜਲਾ ਦਿੱਤੇ ਗਏ। ਰੋਸ ਵਜੋਂ, ਇਕ ਸਥਾਨਕ ਸੰਤ, ਜਿਸ ਦਾ ਬਹੁਤ ਆਦਰ-ਮਾਣ ਸੀ ਅਤੇ ਜਿਹੜਾ ਇਕ ਬਹੁਤੀ ਨੀਵੀਂ ਜਾਤ ਨਾਲ ਸਬੰਧ ਰੱਖਦਾ ਸੀ, ਨੇ ਆਪਣੇ 125 ਚੇਲਿਆਂ ਸਮੇਤ ਸਿੱਖ ਧਰਮ ਅਪਣਾ ਲਿਆ ਅਤੇ ਉਸ ਨੇ ਅਨੁਸੂਚਿਤ ਜਾਤੀ ਦੇ ਹੋਰ ਵਿਅਕਤਿਆਂ ਨੂੰ ਅਜਿਹਾ ਕਦਮ ਚੁੱਕਣ ਲਈ ਪ੍ਰੇਰਿਆ। ਉੱਚੀਆਂ ਜਾਤਾਂ ਵਿਚ ਇਹ ਡਰ ਫੈਲ ਗਿਆ ਕਿ ਉਹ ਇਸ ਧਰਮ ਬਦਲਾਉਣ ਵਾਲੀ ਮੁਹਿੰਮ ਵਿਚ ਸਫਲ ਹੋ ਜਾਣਗੇ। ਪਿਛਲੇ ਤਿੰਨਾਂ ਸਾਲਾਂ ਤੋਂ ਉੱਚੀਆਂ ਜਾਤਾਂ ਨੇ ਉਨ੍ਹਾਂ ਦੇ ਮਿਸ਼ਨ ਦੇ ਕੰਮ ਵਿਚ ਵਿਘਨ ਪਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ। ਉਨ੍ਹਾਂ ਉਸ ਹਰ ਇਕ ਸਿੱਖ ਧਾਰਮਿਕ ਨੇਤਾ ਨੂੰ ਜਾਨੋਂ ਮਾਰ ਮੁਕਾਉਣ ਦੀ ਧਮਕੀ ਦਿੱਤੀ ਜਿਹੜਾ ਉਸ ਇਲਾਕੇ ਵਿਚ ਪ੍ਰਵੇਸ਼

ਕਰੇਗਾ। ਤਣਾਅ ਵਧਦਾ ਗਿਆ ਪਰੰਤੂ ਮੌਤਾਂ ਅਤੇ ਦੰਗਿਆਂ ਬਾਰੇ ਹੋਰ ਕੁਝ ਨਹੀਂ ਸੁਣਿਆ।

ਇਹ ਧਰਮ-ਬਦਲੀ ਦੀ ਉਸੇ ਭਾਵਨਾ ਤੋਂ ਸੀ ਕਿ ਭਾਰਤ ਵਿਚਲੀ ਹਿੰਦੂ ਸਰਕਾਰ ਨੇ ਵਿਧਰਮੀਆਂ ਨੂੰ ਵਿਧਰਮੀਆਂ ਵਜੋਂ - ਕਬੀਲਿਆਂ ਜਿਵੇਂ ਅਪਾਤਨੀ, ਦਫਲਾ, ਨਾਗੇ, ਮੀਜ਼ੋ, ਕੂਕੇ, ਕਛਾਰੀ, ਖਾਸੀਜ਼, ਗਾਰੋਜ਼ ਆਦਿ ਦੇ ਉੱਤਰ-ਪੂਰਬੀ ਕਬੀਲਿਆਂ ਵਜੋਂ ਅਤੇ ਪੂਰਬੀ ਅਤੇ ਕੇਂਦਰੀ ਭਾਰਤ ਦੇ ਸੰਥਾਲ ਪਰਗਨਿਆਂ ਦੇ ਸੰਥਾਲਾਂ ਵਜੋਂ ਮਾਣਤਾ ਨਹੀਂ ਦਿੱਤੀ ਅਤੇ ਉਨ੍ਹਾਂ ਨੂੰ ਹਮੇਸ਼ਾਂ ਪੱਛੜੇ ਹੋਏ ਲੋਕ ਸਮਝਿਆ ਗਿਆ।

25 ਸਾਲਾਂ ਬਾਅਦ 1993 ਵਿਚ ਵਿਅਤਨਾਮ ਵਿਖੇ ਹੋਈ ਯੂਨਾਈਟਿਡ ਨੇਸ਼ਨਜ਼ ਦੀ **ਵਰਲਡ ਹਿਊਮਨ ਰਾਈਟਸ ਕਾਨਫਰੰਸ** ਵਿਚ ਭਾਰਤ ਸਰਕਾਰ ਨੇ ਮਨੁੱਖੀ ਅਧਿਕਾਰਾਂ ਤੇ ਵਿਚਾਰ ਪ੍ਰਗਟ ਕਰਨ ਲਈ ਆਪਣੇ ਵਿੱਤ ਮੰਤਰੀ ਮਨਮੋਹਨ ਸਿੰਘ ਨੂੰ ਭੇਜਿਆ। ਇਸ ਅਰਥ-ਸ਼ਾਸਤਰੀ (ਹਾਲ ਹੀ ਵਿਚ ਬਣੇ ਮਨੁੱਖੀ ਅਧਿਕਾਰ ਮਾਹਿਰ) ਨੇ ਐਲਾਨ ਕੀਤਾ: "ਭਾਰਤ ਵਿਚ ਕੋਈ ਵੀ ਵਿਧਰਮੀ ਲੋਕ ਨਹੀਂ ਹਨ। ਮੇਰੀ ਸਰਕਾਰ ਅਜਿਹੀ ਕਿਸੇ ਸ਼੍ਰੇਣੀ ਨੂੰ ਮਾਣਤਾ ਨਹੀਂ ਦਿੰਦੀ ਹੈ। ਭਾਰਤ ਵਿਚ ਸਿਰਫ ਪੱਛੜੀਆਂ ਸ਼੍ਰੇਣੀਆਂ ਹਨ।" ਅੜਿੱਚਣ ਸਿਰਫ ਇਹੋ ਹੈ ਕਿ ਇਨ੍ਹਾਂ "ਪੱਛੜੇ ਲੋਕਾਂ" ਦੀ ਕੋਈ ਵੱਖਰੀ ਧਾਰਮਿਕ-ਸਭਿਆਚਾਰਕ ਹੋਂਦ ਨਹੀਂ ਹੈ ਅਤੇ ਜਦੋਂ ਇਹ ਉਪਰ ਉਭਰਣਗੇ ਅਤੇ ਭਾਰਤ ਦੇ ਬਾਕੀ ਦੇ ਸਮਾਜ ਦੇ ਬਰਾਬਰ ਆਉਣਗੇ ਤਾਂ ਉਹੀ ਧਾਰਮਿਕ-ਸਭਿਆਚਾਰਕ ਹੋਂਦ ਵਿਚ ਹਿੱਸਾ ਲੈਣਗੇ ਜਿਵੇਂ ਬਹੁਤੇ ਲੋਕ ਲੈਂਦੇ ਹਨ।

ਇਹ ਉਸੇ ਰੁਚੀ ਤੋਂ ਪੈਦਾ ਹੋਇਆ ਹੈ ਕਿ ਭਾਰਤੀ ਸੰਵਿਧਾਨ ਨੇ ਹਿੰਦੂ ਕਾਨੂੰਨ ਨੂੰ ਸਿੱਖਾਂ, ਬੋਧੀਆਂ ਅਤੇ ਜੈਨੀਆਂ ਤੇ ਵੀ ਲਾਗੂ ਕੀਤਾ। ਕੇਵਲ ਦੇਰ ਬਾਅਦ ਸੁਪਰੀਮ ਕੋਰਟ ਨੇ ਇਕਸਾਰ ਸਿਵਲ ਕੋਡ ਨੂੰ ਲਾਗੂ ਕਰਨ ਦੀ ਉਚਿੱਤਤਾ ਤੇ ਕਿੰਤੂ ਕੀਤਾ।

ਇਹ ਵੇਖਣਾ ਦਿਲਚਸਪ ਗੱਲ ਹੈ ਕਿ ਮਨਮੋਹਨ ਸਿੰਘ ਨੇ ਵੀ ਵਿਕਸਿਤ ਦੇਸ਼ਾਂ ਵਿਚ ਲਾਗੂ ਮਨੁੱਖੀ ਅਧਿਕਾਰ ਕਾਨੂੰਨਾਂ ਨੂੰ ਵਿਕਾਸ ਅਧੀਨ ਦੇਸ਼ਾਂ ਵਿਚ ਲਾਗੂ ਕਰਨ ਤੋਂ ਸਪੱਸ਼ਟ ਤੌਰ ਤੇ ਰੱਦ ਕਰ ਦਿੱਤਾ। ਇਥੇ ਮਸਲਾ ਬਾਲ ਮਜ਼ਦੂਰੀ ਦਾ ਹੈ। ਚਾਹੇ ਜਿਥੇ ਵੀ ਹੋਵੇ - ਇਸ ਦੁਆਰਾ ਬੱਚੇ ਨੂੰ ਮਨੁੱਖੀ ਅਧਿਕਾਰਾਂ ਤੋਂ ਵਾਂਝਿਆਂ ਰੱਖਣਾ ਸਮਝਿਆ ਜਾਵੇਗਾ - ਪਰੰਤੂ ਇਹ ਭਾਰਤ ਵਿਚ ਨਹੀਂ ਹੈ - ਜਿਥੇ ਬੱਚਿਆਂ ਦੀ ਸਸਤੀ ਅਤੇ ਆਸਾਨੀ ਨਾਲ ਮਿਲ ਜਾਣ ਵਾਲੀ ਮਜ਼ਦੂਰੀ ਵੱਡੇ-ਵੱਡੇ ਉਦਯੋਗਾਂ ਤੋਂ ਲੈ ਕੇ ਚਾਹ ਦੀ ਮਾਮੂਲੀ ਜਿਹੀ ਦੁਕਾਨ ਤਕ ਹਰੇਕ ਕਿਸਮ ਦੇ ਧੰਦੇ ਵਿਚ ਜੁਟੇ ਲੋਕਾਂ ਦੇ ਲਾਭ ਵਿਚ ਵਾਧਾ ਕਰਦੀ ਹੈ।

ਆਪਣੇ ਆਪ ਨੂੰ ਇਕੋ ਇਕ ਧਰਮ ਨਿਰਪੇਖ ਕਹਾਉਣ ਵਾਲੀ ਕਾਂਗਰਸ ਪਾਰਟੀ ਮੁਸਲਿਮ ਅਤੇ ਇਸਾਈ ਵੋਟ ਨੂੰ ਗੰਢਣ ਦੇ ਯੋਗ ਸੀ ਜਿਨ੍ਹਾਂ ਨੇ

ਅਨੁਸੂਚਿਤ ਜਾਤੀਆਂ ਅਤੇ ਉਪਰਲੀਆਂ ਕਲਾਸਾਂ ਦੇ ਗਠਬੰਧਨ ਨੂੰ 40 ਪ੍ਰਤਿਸ਼ਤ ਤਕ ਕਰਨ ਲਈ ਥੋੜ੍ਹੀ ਜਿਹੀ ਪ੍ਰਤਿਸ਼ਤਤਾ ਹੋਰ ਵਧਾ ਦਿੱਤੀ। ਕਮਿਊਨਿਸਟ ਵੀ ਧਰਮ-ਨਿਰਪੱਖ ਸਨ, ਜਿਵੇਂ ਪਹਿਲਾਂ ਨੋਟ ਕੀਤਾ ਗਿਆ ਹੈ ਪਰੰਤੂ ਹੱਥ-ਠੋਕਾ ਬਣਾਈ ਗਈ ਸ਼੍ਰੇਣੀ ਜਿਸਨੂੰ ਉਹ ਸਾਧਾਰਣ ਤੌਰ ਤੇ ਵਰਤਣ ਦੀ ਕੋਸ਼ਿਸ਼ ਕਰ ਰਹੇ ਸਨ, ਨੇ ਭਾਰਤ ਵਿਚ ਚੰਗੀ ਤਰ੍ਹਾਂ ਕੰਮ ਨਹੀਂ ਕੀਤਾ।

ਕਾਂਗਰਸ ਦੇ ਇਸ ਵੱਡੇ ਗੱਠਬੰਧਨ ਨੂੰ ਜਿਸ ਚੀਜ਼ ਨੇ ਪਿੱਛੇ ਸੁੱਟਿਆ ਉਹ ਸੀ ਦਰਅਸਲ ਇਸ ਵਿਚਲੀ ਉਚ ਸ਼੍ਰੇਣੀ ਦੇ ਵਿਅਕਤੀਆਂ ਦੁਆਰਾ ਆਪਣੇ ਅਨੁਸੂਚਿਤ ਜਾਤੀਆਂ ਦੇ ਸਮਰਥਕਾਂ ਨਾਲ ਰਲ ਕੇ ਸ਼ਕਤੀ ਵਿਚ ਹਿੱਸਾ ਲੈਣ ਦਾ ਵਿਰੋਧ ਕਰਨਾ। ਸਮਾਂ ਬੀਤ ਜਾਣ ਨਾਲ, ਦਲਿਤ ਨੇਤਾ ਜਿਨ੍ਹਾਂ ਨੂੰ ਕਾਂਗਰਸ ਨੇ ਸਿਰਫ ਵਿਖਾਵੇ ਦੇ ਮੰਤਵਾਂ ਲਈ ਲਿਆਂਦਾ ਸੀ, ਪਾਰਟੀ ਅੰਦਰ ਉਪਰ ਉਠਣ ਲੱਗੇ। ਜਦੋਂ ਲਾਲ ਬਹਾਦਰ ਸ਼ਾਸਤਰੀ ਚਲ ਵਸਿਆ ਤਾਂ ਦਲਿਤ ਨੇਤਾ ਜਗਜੀਵਨ ਰਾਮ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਬੜੀ ਵੱਡੀ ਚੋਣ ਸੀ ਪਰੰਤੂ ਉਸ ਨੂੰ ਪਿੱਛੇ ਕਰਕੇ ਇਸ ਅਹੁਦੇ ਲਈ ਮੁਰਾਰਜੀ ਡਿਸਾਈ ਨੂੰ ਅੱਗੇ ਲਿਆਂਦਾ ਗਿਆ। ਇਸੇ ਤਰ੍ਹਾਂ ਘੱਟ-ਗਿਣਤੀਆਂ ਜਿਨ੍ਹਾਂ ਵਿਚ ਮੁਸਲਮਾਨ, ਸਿੱਖ ਅਤੇ ਈਸਾਈ ਸਨ, ਰਸਮੀ ਅਹੁਦਿਆਂ ਲਈ ਸਵੀਕਾਰਨਯੋਗ ਸਨ, ਪਰੰਤੂ ਉਨ੍ਹਾਂ ਨੂੰ ਅਸਲੀ ਫੈਸਲਾਕੁਨ ਭੂਮਿਕਾ ਨਿਭਾਉਣ ਵਾਲੀਆਂ ਜਗ੍ਹਾ ਤੇ ਨਹੀਂ ਲਗਾਇਆ ਜਾਂਦਾ ਸੀ। ਇਸ ਦੀਆਂ ਉਦਾਹਰਣਾਂ ਬਹੁਤ ਹਨ : ਜਿਵੇਂ ਜ਼ਾਕਿਰ ਹੁਸੈਨ, ਫ਼ਖ਼ਰੂਦੀਨ ਅਲੀ ਅਹਿਮਦ ਅਤੇ ਗਿਆਨੀ ਜ਼ੈਲ ਸਿੰਘ ਰਾਸ਼ਟਰਪਤੀ ਬਣਾਏ ਗਏ ਸਨ। ਇਕ ਸਿੱਖ ਜਾਤੀ ਦਾ ਅਰਥ-ਸ਼ਾਸਤਰ ਦਾ ਪ੍ਰੋਫੈਸਰ ਜਿਸ ਦਾ ਕੋਈ ਰਾਜਨੀਤੀ ਵਿਚ ਪਿਛੋਕੜ ਜਾਂ ਵਜ਼ਨ ਨਹੀਂ ਸੀ, ਨੂੰ ਨਰਸਿਮਹਾ ਰਾਓ ਦੇ ਮੰਤਰੀ-ਮੰਡਲ ਵਿਚ ਵਿੱਤ ਮੰਤਰੀ ਵਜੋਂ ਨਿਯੁਕਤ ਕੀਤਾ ਗਿਆ - ਉਹ ਇਸ ਕਰਕੇ ਹਰੇਕ ਨੂੰ ਮਨਜ਼ੂਰ ਸੀ ਕਿਉਂਕਿ ਉਸ ਦੇ ਪਿੱਛੇ ਕੋਈ ਰਾਜਨੀਤਕ ਬਹੁਗਿਣਤੀ ਨਹੀਂ ਸੀ।

ਦਲਿਤਾਂ ਅਤੇ ਘੱਟ-ਗਿਣਤੀਆਂ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਨੂੰ, ਸਵਰਨ ਜਾਤਾਂ ਦੁਆਰਾ ਆਪਣੇ-ਆਪ ਨੂੰ ਸੱਤਾ ਵਿਚ ਰੱਖਣ ਲਈ ਵਰਤਿਆ ਜਾ ਰਿਹਾ ਹੈ ਪਰੰਤੂ ਉਨ੍ਹਾਂ ਨੂੰ (ਦਲਿਤਾਂ ਨੂੰ) ਇਸ ਤੋਂ ਫਾਇਦਾ ਬਹੁਤ ਘੱਟ ਹੋ ਰਿਹਾ ਹੈ।

ਇਕ ਪ੍ਰਥਾ ਜਿਸ ਨੇ ਇਸ ਚਾਲ ਨੂੰ ਢਾਅ ਲਾਈ ਉਹ ਇਹ ਸੀ ਕਿ ਚੋਣ ਹਲਕੇ ਇਸ ਢੰਗ ਨਾਲ ਤੋੜੇ-ਮਰੋੜੇ ਗਏ ਸਨ ਤਾਂ ਕਿ ਘੱਟ-ਗਿਣਤੀਆਂ ਦੇ ਲੋਕਾਂ ਅਤੇ ਰਿਜ਼ਰਵ ਚੋਣ-ਹਲਕਿਆਂ ਦੇ ਕੇਸ ਵਿਚ ਕਦੀ ਕਦੀ ਅਨੁਸੂਚਿਤ ਜਾਤਾਂ, ਜਿਹੜੇ ਉਪਰ ਉਠਣਾ ਚਾਹੁੰਦੇ ਸਨ - ਨੂੰ ਰਾਜ ਅਸੈਂਬਲੀ ਅਤੇ ਸੰਸਦ ਵਿਚ ਅਵਾਜ਼ ਉਠਾਉਣ ਤੋਂ ਵਾਂਝਿਆਂ ਰੱਖਿਆ ਜਾਵੇ। ਮਿਸਾਲ ਵਜੋਂ, ਮੱਧ ਪ੍ਰਦੇਸ਼ ਵਿਚ ਕਾਫੀ ਮੁਸਲਿਮ ਜਨਸੰਖਿਆ ਹੋਣ ਦੇ ਬਾਵਜੂਦ ਵੀ ਇਕ ਵੀ ਮੁਸਲਮਾਨ ਉਥੋਂ ਦੀ ਵਿਧਾਨ ਸਭਾ ਲਈ ਨਹੀਂ ਚੁਣਿਆਂ ਗਿਆ ਅਤੇ ਇਸੇ

ਤਰ੍ਹਾਂ ਗੁਜਰਾਤ ਦੀ ਸਾਰੀ ਮੁਸਲਮਾਨ ਜਨ-ਸੰਖਿਆ ਵਿਚੋਂ ਕੇਵਲ ਇਕੋ ਮੁਸਲਮਾਨ ਐਮ.ਐਲ.ਏ. ਹੀ ਪ੍ਰਤਿਨਿਧਤਾ ਕਰਦਾ ਹੈ।

ਚੋਣ-ਹਲਕਿਆਂ ਦੇ ਤੋੜ-ਮਰੋੜ ਦਾ ਕੰਮ ਇਕ ਵਧੀਆ ਢੰਗ ਨਾਲ ਕੀਤਾ ਗਿਆ ਸੀ। ਪੰਜਾਬ ਵਿਚ ਰਾਖਵੇਂ ਹਲਕੇ ਦਿਹਾਤੀ ਇਲਾਕਿਆਂ ਵਿਚ ਰੱਖੇ ਗਏ ਹਨ ਜਿਥੇ ਅਕਾਲੀਆਂ ਦਾ ਗੜ੍ਹ ਹੈ ਅਤੇ ਕਾਂਗਰਸ ਨੂੰ ਅਸੈਂਬਲੀ ਵਿਚ ਚੰਗੀ ਪ੍ਰਤਿਨਿਧਤਾ ਦਿਵਾਉਣ ਅਨੁਸਾਰ ਬਣਾਏ ਗਏ ਹਨ। ਚੋਣ-ਹਲਕਿਆਂ ਦਾ ਪੁਨਰਗਠਨ ਦਾ ਕੰਮ ਇਸ ਢੰਗ ਨਾਲ ਕੀਤਾ ਗਿਆ ਕਿ ਇਹ ਹਿੰਦੂਆਂ ਦੇ ਹੱਕ ਵਿਚ ਜਾਂਦਾ ਹੈ। ਇਕ ਮਿਸਾਲ ਇਹ ਹੈ ਕਿ ਲਹਿਰਾਗਾਗਾ ਹਲਕੇ ਦੇ ਕੁੱਝ ਸਿੱਖ ਅਬਾਦੀ ਵਾਲੇ ਪਿੰਡ ਸਿੱਖਾਂ ਦੀ ਬਹੁ-ਗਿਣਤੀ ਵਾਲੇ ਲਾਗਲੇ ਹਲਕੇ ਸੁਨਾਮ ਵਿਚ ਸ਼ਾਮਲ ਕੀਤੇ ਗਏ ਹਨ। ਇਸ ਨਾਲ ਸੁਨਾਮ ਦੇ ਸਿੱਖਾਂ ਦੀ ਅਵਾਜ਼ ਨੂੰ ਮਜ਼ਬੂਤ ਨਹੀਂ ਬਣਾਇਆ ਪਰੰਤੂ ਇਸਨੇ ਲਹਿਰਾ ਹਲਕੇ ਵਿਚ ਸਿੱਖ ਅਤੇ ਹਿੰਦੂ ਗਿਣਤੀ ਨੂੰ ਸੰਤੁਲਨ ਵਿਚ ਰੱਖਿਆ ਜਿਹੜਾ ਹੁਣ ਇਕ ਸਰਹੱਦੀ ਚੋਣ ਹਲਕਾ ਹੈ ਜਿਥੇ ਚੋਣ ਨੂੰ ਗੈਰ-ਅਕਾਲੀ ਉਮੀਦਵਾਰ ਦੇ ਹੱਕ ਵਿਚ ਕੀਤਾ ਜਾ ਸਕਦਾ ਹੈ।

ਪੰਜਾਬ ਵਿਚ ਦੋ ਮੁੱਖ ਰਾਜਨੀਤਕ ਵਿਰੋਧੀ ਹਮੇਸ਼ਾਂ ਕਾਂਗਰਸ ਪਾਰਟੀ ਅਤੇ ਅਕਾਲੀ ਦਲ ਰਹੇ ਹਨ। ਪੰਜਾਬ ਕਾਂਗਰਸ ਨੇ ਪਾਰਟੀ ਦੇ ਉਸ ਵਿੰਗ ਹੋਣ ਦੇ ਨਾਤੇ ਤਾਕਤ ਪ੍ਰਾਪਤ ਕੀਤੀ ਹੈ ਜਿਹੜੀ ਨਾ ਕੇਵਲ ਕੌਮੀ ਪੱਧਰ ਦੀ ਪਾਰਟੀ ਹੀ ਹੈ ਬਲਕਿ ਜਿਹੜੀ ਕੁੱਝ ਸਾਲਾਂ ਨੂੰ ਛੱਡ, ਭਾਰਤ ਵਿਚ ਅੱਧੀ ਸਦੀ ਤਕ ਸੱਤਾਧਾਰੀ ਪਾਰਟੀ ਰਹੀ ਹੈ ਅਤੇ ਇਸ ਤਰ੍ਹਾਂ ਇਸ ਪਾਰਟੀ ਨੂੰ ਹਰ ਕਿਸਮ ਦੀ ਸਰਪਰੱਸਤੀ ਮਿਲਦੀ ਰਹੀ ਹੈ। ਅਕਾਲੀ ਸਿੱਖਾਂ ਦੇ ਹਿੱਤਾਂ ਦੇ ਰਖਵਾਲੇ ਹਨ ਅਤੇ ਉਹ ਦਿਹਾਤ ਦੀਆਂ ਭਾਵਨਾਵਾਂ ਦੀ ਚੰਗੀ ਤਰ੍ਹਾਂ ਪਹਿਚਾਣ ਕਰਦੇ ਹਨ।

ਜੱਟ ਸਿੱਖ ਪੰਜਾਬ ਦੇ ਚੋਣ-ਪ੍ਰਬੰਧ ਵਿਚ ਬਹੁਤ ਜ਼ਿਆਦਾ ਮਜ਼ਬੂਤੀ ਨਾਲ ਹਾਵੀ ਹਨ ਅਤੇ ਕੋਈ ਵੀ ਪਾਰਟੀ ਇਨ੍ਹਾਂ ਵੋਟਰਾਂ ਨੂੰ ਅਪੀਲ ਕਰਨ ਦੀ ਸਮਰੱਥਾ ਨਹੀਂ ਰਖਦੀ। ਪੰਜਾਬ ਦੇ ਸਾਬਕਾ ਕਾਂਗਰਸੀ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਵੀ ਇਕ ਜੱਟ ਸਨ। ਅਕਾਲੀ ਪਾਰਟੀ ਵਿਚ ਵੀ ਇਹ ਰਾਜਨੀਤਕ ਅਸਲੀਅਤ ਹੈ ਅਤੇ ਇਹ ਦੋਸ਼ ਕਿ ਅਕਾਲੀਆਂ ਨੇ ਦੂਜੇ ਭਾਗਾਂ ਨੂੰ ਨਜ਼ਰ-ਅੰਦਾਜ਼ ਕੀਤਾ ਹੈ, ਗਲਤ ਹੈ। ਅਕਾਲੀਆਂ ਦੀ ਸਥਿਤੀ ਇਹ ਹੈ ਕਿ ਉਹ ਆਪਣੀ ਜਾਤ ਅਤੇ ਸ਼੍ਰੇਣੀ ਦੇ ਭੇਦ-ਭਾਵ ਤੋਂ ਬਗੈਰ ਸਾਰੇ ਸਿੱਖਾਂ ਦੀ ਪ੍ਰਤਿਨਿਧਤਾ ਕਰਦੇ ਹਨ। ਕਾਂਗਰਸ ਦੇ ਫਿਰਕਾਪ੍ਰਸਤ ਹੋਣ ਬਾਰੇ ਅੰਦਾਜ਼ਾ ਕਾਂਗਰਸ ਵਿਧਾਨ-ਮੰਡਲ ਪਾਰਟੀ ਦੇ ਅੰਕੜਿਆਂ ਵਿਚ ਝਾਤ ਮਾਰ ਕੇ ਲਗਾਇਆ ਜਾ ਸਕਦਾ ਹੈ।

ਪੰਜਾਬ ਅਸੈਂਬਲੀ ਵਿਚ 1977 ਤੋਂ 1985 ਤਕ ਕਾਂਗਰਸ ਵਿਧਾਨ-ਮੰਡਲ ਪਾਰਟੀ ਦੀ ਬਣਤਰ ਦੀ ਧਰਮ ਅਨੁਸਾਰ ਪ੍ਰਤਿਸ਼ਤਤਾ ਇਸ ਪ੍ਰਕਾਰ

ਹੈ:-

| ***ਧਰਮ*** | ***1977*** | ***1980*** | ***1985*** |
|---|---|---|---|
| ਹਿੰਦੂ | 53.0 | 54.0 | 65.6 |
| ਸਿੱਖ | 47.0 | 44.0 | 34.4 |
| ਮੁਸਲਿਮ | 0.0 | 1.6 | 0.0 |

ਯਾਦ ਰੱਖੋ ਕਿ 1981 ਦੀ ਮਰਦਮ-ਸ਼ੁਮਾਰੀ ਅਨੁਸਾਰ ਪੰਜਾਬ ਦੀ ਜਨ-ਸੰਖਿਆ 60.75 ਪ੍ਰਤਿਸ਼ਤ ਸਿੱਖ, 37.09 ਪ੍ਰਤਿਸ਼ਤ ਹਿੰਦੂ, 2.16 ਪ੍ਰਤਿਸ਼ਤ ਮੁਸਲਮਾਨ ਅਤੇ ਹੋਰ ਘੱਟ-ਗਿਣਤੀਆਂ ਸਨ।

1987 ਵਿਚ ਅਕਾਲੀ ਸਰਕਾਰ ਤੋੜਨ ਤੋਂ ਬਾਅਦ ਪੰਜਾਬ ਵਿਚ ਜ਼ੁਲਮ ਹੋਣਾ ਸ਼ੁਰੂ ਹੋ ਗਿਆ। ਕਈ ਸਾਲਾਂ ਤੋਂ ਬਾਅਦ ਜਦੋਂ ਚੋਣਾਂ ਕਰਾਉਣ ਦਾ ਰੱਤੀ ਕੁ ਸੰਕੇਤ ਮਿਲਿਆ ਤਾਂ ਪੁਲਿਸ ਨੇ ਇਸ ਦਾ ਕਰੜਾ ਵਿਰੋਧ ਕੀਤਾ। ਪੰਜਾਬ ਵਿਚ ਸਭ ਤੋਂ ਵੱਡੇ ਦੁਖਾਂਤ ਉਸ ਸਮੇਂ ਵਾਪਰੇ ਜਦੋਂ ਚੋਣਾਂ ਕਰਾਉਣ ਦੀ ਸੰਭਾਵਨਾ ਤੇ ਗੰਭੀਰਤਾ ਨਾਲ ਵਿਚਾਰ ਕੀਤਾ ਗਿਆ - ਨਿਸ਼ਚੇ ਹੀ ਇਹ ਇਤਫਾਕ ਨਾਲ ਨਹੀਂ ਸੀ। ਚੋਣਾਂ ਕਰਾਉਣ ਨਾਲ ਦੋਸ਼ ਲਗਾਉਣ ਦੇ ਰਿਕਾਰਡ ਨੂੰ ਨਸ਼ਟ ਕਰਨ ਦੀ ਤਾਬੜ-ਤੋੜ ਕੋਸ਼ਿਸ਼ ਵੀ ਕੀਤੀ ਜਾਵੇਗੀ। ਚੋਣ ਦਾ ਮਤਲਬ ਹੈ ਅਕਾਲੀ ਸਰਕਾਰ ਦੇ ਸੱਤਾ ਵਿਚ ਆ ਜਾਣ ਦੀ ਸੰਭਾਵਨਾ ਅਤੇ ਅਕਾਲੀ ਸਰਕਾਰ ਤੋਂ ਭਾਵ ਹੈ ਕਿ ਇਕ ਵੱਖਰੀ ਜ਼ਿੰਮੇਵਾਰੀ ਦੀ ਸੰਭਾਵਨਾ।

ਚੰਦਰ ਸ਼ੇਖਰ ਦੀ ਸਰਕਾਰ ਟੁੱਟ ਜਾਣ ਨਾਲ ਦੇਸ਼ ਵਿਚ ਜੂਨ, 1991 ਵਿਚ ਵੋਟਾਂ ਕਰਵਾਉਣੀਆਂ ਪਈਆਂ ਅਤੇ ਪੰਜਾਬ ਵਿਚ ਵੀ ਵੋਟਾਂ ਪੈਣੀਆਂ ਸਨ।

ਪੰਜਾਬ ਵਿਚ ਕਾਂਗਰਸ ਪਾਰਟੀ ਨੇ ਗਲਤ ਅਨੁਮਾਨ ਲਗਾ ਲਿਆ; ਉਨ੍ਹਾਂ ਨੂੰ ਪੰਜਾਬ ਵਿਚ ਮੁਕੰਮਲ ਹਾਰ ਦਾ ਡਰ ਦਿਖਾਈ ਦੇਣ ਲੱਗਾ। ਕੌਮੀ ਪਾਰਟੀਆਂ ਦਾ ਸਾਂਝਾ ਫਰੰਟ ਬਣਾਉਣ ਲਈ ਭਰਪੂਰ ਕੋਸ਼ਿਸ਼ਾਂ ਕੀਤੀਆਂ ਗਈਆਂ ਤਾਂ ਕਿ ਇਹ ਚੋਣਾਂ ਲੜੇਗਾ ਅਤੇ ਅਖੌਤੀ ਅਕਾਲੀ ਉਗਰਵਾਦੀ ਗੁੱਟਾਂ ਵਿਰੁੱਧ ਸਾਂਝਾ ਫਰੰਟ ਬਣਾਏਗਾ। ਜਦੋਂ ਸੀਟਾਂ ਦੀ ਵੰਡ ਦਾ ਕੋਈ ਸਮਝੌਤਾ ਨਾ ਹੋ ਸਕਿਆ ਤਾਂ ਪੰਜਾਬ ਵਿਚ ਕਾਂਗਰਸ ਨੇ ਐਲਾਨ ਕੀਤਾ ਕਿ ਉਹ ਚੋਣ ਦਾ ਬਾਈਕਾਟ ਕਰਨਗੇ। ਫਿਰ ਵੀ ਬਾਕੀ ਕੌਮੀ ਪਾਰਟੀਆਂ ਨੇ ਚੋਣਾਂ ਵਿਚ ਹਿੱਸਾ ਲਿਆ।

ਖ਼ੂਨ-ਖ਼ਰਾਬੇ ਵਾਲੇ ਰਾਸ਼ਟਰਪਤੀ ਰਾਜ ਦੇ ਸਾਢੇ ਚਾਰ ਸਾਲਾਂ ਬਾਅਦ ਪੰਜਾਬ ਵਿਚ ਚੋਣਾਂ ਕਰਾਉਣ ਦਾ ਫ਼ੈਸਲਾ ਸ਼ਾਇਦ ਕੇਂਦਰ ਸਰਕਾਰ ਦੇ ਇਸ ਅਨੁਮਾਨ ਲਗਾਉਣ ਕਰਕੇ ਲਿਆ ਗਿਆ ਸੀ ਕਿ ਅਕਾਲੀਆਂ ਦੇ ਵੱਖਰੇ-ਵੱਖਰੇ ਧੜੇ ਹੋਣ ਕਾਰਣ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਰਾਜਨੀਤੀ ਵਿਚ ਪ੍ਰਵੇਸ਼ ਕਰਨ ਕਰਕੇ ਅਸਥਿਰ ਹੋਏ ਅਕਾਲੀ ਦਲ (ਮਾਨ) ਨੂੰ

ਹਰਾਇਆ ਜਾ ਸਕੇਗਾ ਅਤੇ ਗੈਰ-ਕਾਂਗਰਸੀ ਪਾਰਟੀਆਂ ਲਾਭ ਨਹੀਂ ਉਠਾ ਸਕਣਗੀਆਂ।

ਜੇਕਰ ਇਹ ਜੂਆ ਖੇਡਿਆ ਜਾਵੇ ਤਾਂ ਇਸ ਤੋਂ ਬਾਹਰੀ ਦੁਨੀਆਂ ਨੂੰ ਪਤਾ ਲਗੇਗਾ ਕਿ ਪੰਜਾਬ ਵਿਚ ਬਹੁਤ ਹੀ ਘੱਟ ਲੋਕ ਸਨ ਜਿਹੜੇ ਚੋਣ ਦੀ ਮੰਗ ਕਰਦੇ ਸਨ। ਪਰੰਤੂ ਇਹ ਇਕ ਬਹੁਤ ਵੱਡਾ ਜੂਆ ਸੀ ਇਸੇ ਕਰਕੇ ਕੇਂਦਰ ਨੇ ਬਾਕੀ ਸਾਰੇ ਦੇਸ਼ ਵਿਚ ਵੋਟਾਂ ਪਵਾਉਣ ਤੋਂ ਦੋ ਹਫ਼ਤੇ ਬਾਅਦ ਪੰਜਾਬ ਵਿਚ ਵੋਟਾਂ ਪੁਵਾ ਕੇ ਆਪਣੇ ਆਪ ਨੂੰ ਸੁਰੱਖਿਅਤ ਰੱਖਿਆ। ਵੋਟਾਂ ਦਾ ਸਮਾਂ ਪੰਜ ਤੋਂ ਸਤ ਹਫ਼ਤਿਆਂ ਲਈ ਇਸ ਕਰਕੇ ਵਧਾ ਦਿੱਤਾ ਤਾਂ ਕਿ ਪੰਜਾਬ ਵਿਚ ਕਾਫੀ ਮਾਤਰਾ ਵਿਚ ਪੁਲਿਸ ਅਤੇ ਫੌਜ ਲਗਾਉਣ ਦਾ ਢੌਂਗ ਰਚਿਆ ਜਾ ਸਕੇ ਪਰੰਤੂ ਉਸ ਦਾ ਅਸਲ ਵਿਚ ਮਤਲਬ ਇਹ ਸੀ ਕਿ ਕੇਂਦਰ ਵਿਚ ਅਜਿਹੀ ਸਰਕਾਰ ਬਣਾ ਦਿੱਤੀ ਜਾਵੇ ਜਿਹੜੀ ਪੰਜਾਬ ਵਿਚ 'ਚੋਣ ਕਰਾਉਣ' ਦਾ ਸਮਾਂ ਨਿਸ਼ਚਿਤ ਕਰੇ।

ਪੰਜਾਬ ਵਿਚ ਦਿਹਾਤੀ ਵੋਟਰਾਂ ਨੇ ਰਾਜ ਵਿਚ ਕੀਤੇ ਗਏ ਬੇਤਹਾਸ਼ਾ ਜ਼ੁਲਮ ਵਿਰੁੱਧ ਆਪਣਾ ਸਖ਼ਤ ਰੋਸ ਜ਼ਾਹਰ ਕਰਨ ਲਈ ਅਕਾਲੀ ਗੁੱਟਾਂ ਦੁਆਰਾ ਖੜ੍ਹੇ ਕੀਤੇ ਗਏ ਉਮੀਦਵਾਰਾਂ ਨੂੰ ਚੁਣਨ ਦੇ ਆਪਣੇ ਇਰਾਦੇ ਨੂੰ ਗੁਪਤ ਨਹੀਂ ਰੱਖਿਆ। ਵੱਡੇ ਅਕਾਲੀ ਦਲ ਅਤੇ ਏ ਆਈ ਐਸ ਐਸ ਐਫ ਦੇ ਚੋਣ ਮਨੋਰਥ-ਪੱਤਰਾਂ (ਮੈਨੀਫੈਸਟੋ) ਨੇ ਇਸ ਗੱਲ ਦਾ ਸਪੱਸ਼ਟ ਸੰਕੇਤ ਦੇ ਦਿੱਤਾ ਕਿ ਉਨ੍ਹਾਂ ਨੂੰ ਮੁਕੰਮਲ ਖੁਦ-ਮੁਖਤਾਰੀ ਅਤੇ ਸਵੈ-ਦ੍ਰਿੜ੍ਹਤਾ ਦੇ ਹੱਕ ਦੇ ਸਿਵਾਏ ਪੰਜਾਬ ਦਾ ਕੋਈ ਹਲ ਦਿਖਾਈ ਨਹੀਂ ਦਿੰਦਾ। ਇਨ੍ਹਾਂ ਚੋਣ ਮਨੋਰਥ ਪਰਚਿਆਂ ਅਤੇ ਸਾਹਮਣੇ ਉਘੜ ਕੇ ਆਏ ਦ੍ਰਿਸ਼ ਦੇ ਜਵਾਬ ਵਿਚ ਇਸ ਗੱਲ ਦਾ ਪ੍ਰਚਾਰ ਹੋਣਾ ਸ਼ੁਰੂ ਹੋ ਗਿਆ ਕਿ ਉਮੀਦਵਾਰਾਂ ਲਈ ਭਾਰਤੀ ਸੰਘ ਪ੍ਰਤਿ ਵਫਾਦਾਰੀ ਦੀ ਸਹੁੰ ਵਿਚ ਸੋਧ ਕੀਤੀ ਜਾਵੇਗੀ। ਇਸ ਨਾਲ ਜ਼ਖ਼ਮਾਂ ਤੇ ਲੂਣ ਛਿੜਕਣ ਵਾਲੀ ਗੱਲ ਹੋਈ।

ਚੋਣਾਂ ਦੌਰਾਨ ਨਰਮਾਈ ਰੱਖਣ ਦੀ ਬਜਾਏ ਪੁਲਿਸ ਨੇ ਤਲਾਸ਼ੀਆਂ ਲੈਣੀਆਂ ਸ਼ੁਰੂ ਕਰ ਦਿੱਤੀਆਂ। ਗੈਰ-ਕਾਨੂੰਨੀ ਨਜ਼ਰਬੰਦੀਆਂ ਅਤੇ ਝੂਠੇ ਮੁਕਾਬਲੇ ਬਣਾਉਣੇ ਸ਼ੁਰੂ ਕਰ ਦਿੱਤੇ। ਉਸੇ ਵਕਤ ਪੰਜਾਬ ਨੂੰ ਗੜਬੜੀ ਵਾਲਾ ਇਲਾਕਾ ਐਲਾਨ ਕਰ ਦਿੱਤਾ ਗਿਆ ਅਤੇ ਪੁਲਿਸ ਦੀ ਮਦਦ ਲਈ ਸਾਰੇ ਜ਼ਿਲ੍ਹਿਆਂ ਵਿਚ ਫੌਜ ਤਾਇਨਾਤ ਕਰ ਦਿੱਤੀ ਗਈ।

ਇਸ ਵਕਤ ਪੰਜਾਬ ਵਿਚ ਕੇਂਦਰ ਸਰਕਾਰ ਦਾ ਸਿੱਧਾ ਰਾਜ ਸੀ ਅਤੇ ਅੱਤਵਾਦ ਵਿਰੁੱਧ ਲੜਾਈ ਕਾਰਣ ਪੰਜਾਬ ਪੁਲਿਸ ਅਤੇ ਹੋਰ ਸੁਰੱਖਿਆ ਬਲਾਂ ਨੂੰ ਕੇਂਦਰੀ ਗ੍ਰਿਹ ਮੰਤ੍ਰਾਲੇ ਅਤੇ ਇਸ ਦੀਆਂ ਖੁਫੀਆ ਏਜੰਸੀਆਂ ਦੁਆਰਾ ਹਦਾਇਤ ਕੀਤੀ ਜਾ ਰਹੀ ਸੀ।

ਚੋਣਾਂ ਦੇ ਬਾਈਕਾਟ ਕਰਨ ਦਾ ਪ੍ਰਚਾਰ ਅੱਤਵਾਦ ਦੇ ਨਾਂ ਤੇ ਕੀਤਾ ਜਾ ਰਿਹਾ ਸੀ ਜਦ ਕਿ ਕਈ ਥਾਂ ਤੇ ਦੱਸਿਆ ਗਿਆ ਸੀ ਕਿ ਪੁਲਿਸ ਵਾਲੇ

ਬਾਈਕਾਟ ਦੇ ਇਸ਼ਤਿਹਾਰ ਲਗਾਉਂਦੇ ਦੇਖੇ ਗਏ ਸਨ। ਉਮੀਦਵਾਰਾਂ ਨੇ ਨਿਡਰ ਹੋ ਕੇ ਆਪਣੀ ਮੁਹਿੰਮ ਜਾਰੀ ਰੱਖੀ। ਗੋਲੀਆਂ ਦਾ ਬੋਲਬਾਲਾ ਹੋ ਗਿਆ ਅਤੇ 28 (ਹੋਰ ਸੂਤਰਾਂ ਦੇ ਅੰਕੜਿਆਂ ਮੁਤਾਬਕ 30) ਉਮੀਦਵਾਰ ਮਾਰ ਦਿੱਤੇ ਗਏ। ਲਗਭਗ ਸਾਰੇ ਉਮੀਦਵਾਰ ਸਿੱਖ ਸਨ। 20 ਪ੍ਰਤਿਸ਼ਤ ਸੀਟਾਂ ਦੀ ਚੋਣ, ਉਮੀਦਵਾਰਾਂ ਦੀ ਮੌਤ ਕਾਰਣ ਰੱਦ ਕਰ ਦਿੱਤੀ ਗਈ ਕਿਉਂਕਿ ਉਮੀਦਵਾਰਾਂ ਦੀ ਹਿੰਸਕ ਮੌਤ ਹੋ ਗਈ ਸੀ। ਉਨ੍ਹਾਂ ਨੂੰ ਕਿਸ ਨੇ ਮਾਰਿਆ? ਇਨ੍ਹਾਂ ਮੌਤਾਂ ਦਾ ਸ਼ੱਕ ਸੁਰੱਖਿਆ ਬਲਾਂ ਅਤੇ ਪੁਲਿਸ ਤੇ ਪੈਂਦਾ ਹੈ।

ਜਿਨ੍ਹਾਂ ਵਿਅਕਤੀਆਂ ਦੇ ਅਕਾਲੀ ਉਮੀਦਵਾਰਾਂ ਨੂੰ ਵੋਟ ਪਾਉਣ ਦਾ ਸ਼ੱਕ ਸੀ, ਉਨ੍ਹਾਂ ਨੂੰ ਗਿਰਫਤਾਰ ਕਰ ਲਿਆ ਗਿਆ। ਇਸ ਤਰ੍ਹਾਂ ਅੰਦਰ ਡੱਕੇ ਗਏ ਵਿਅਕਤੀਆਂ ਦੀ ਗਿਣਤੀ ਹਜ਼ਾਰਾਂ ਵਿਚ ਹੋ ਗਈ। ਐਮ ਏ ਐਸ ਆਰ ਨੇ ਮੁੱਖ ਚੋਣ ਕਮਿਸ਼ਨਰ (ਸੀ ਈ ਸੀ) ਨੂੰ ਲਿਖਿਆ ਅਤੇ ਕਿਹਾ ਕਿ 1) ਜਿਨ੍ਹਾਂ ਨੂੰ ਪ੍ਰੀਵੈਂਟਿਵ ਡਿਟੈਂਸ਼ਨ ਲਾਅ; 2) ਸਮਾਇਤ ਅਧੀਨ; ਅਤੇ 3) ਬਿਨਾਂ ਕੋਈ ਕੇਸ ਦਰਜ ਕੀਤਿਆਂ ਗਿਰਫਤਾਰ ਕੀਤਾ ਗਿਆ, ਉਹ ਸਾਰੇ ਵੋਟ ਦੇਣ ਦੇ ਯੋਗ ਹਨ ਅਤੇ ਚੋਣ ਕਮਿਸ਼ਨ ਨੂੰ ਕਿਹਾ ਕਿ ਉਹ ਰਾਜ ਸਰਕਾਰ ਨੂੰ ਉਨ੍ਹਾਂ ਨੂੰ ਬੈਲਟ ਪੇਪਰ ਜਾਰੀ ਕਰਨ ਅਤੇ ਪਾਰਟੀਆਂ ਨੂੰ ਇਨ੍ਹਾਂ ਵੋਟਰਾਂ ਦੀ ਸੂਚੀ ਦੇਣ ਦੀ ਹਦਾਇਤ ਕਰੇ। ਕੋਈ ਕਾਰਵਾਈ ਕਰਨ ਦੀ ਬਜਾਏ ਸੀ ਈ ਸੀ ਨੇ ਇਨ੍ਹਾਂ ਕੇਸਾਂ ਵਿਚ ਲਾਗੂ ਧਾਰਾਵਾਂ ਦਾ ਹਵਾਲਾ ਦਿੰਦਿਆਂ 16 ਮਈ ਨੂੰ ਵਾਪਸ ਇਕ ਪੱਤਰ ਲਿਖਿਆ (ਪੱਤਰ ਉਦੋਂ ਪ੍ਰਾਪਤ ਹੋਇਆ ਜਦੋਂ ਇਹ ਚੋਣਾਂ ਰੱਦ ਕਰ ਦਿੱਤੀਆਂ ਗਈਆਂ ਸਨ)।

ਏਨੇ ਵਿਚ, ਕੇਂਦਰ ਵਿਚ ਕਾਂਗਰਸ ਹਲਕਾ ਜਿਹਾ ਬਹੁਮਤ ਲੈ ਕੇ ਸੱਤਾ ਵਿਚ ਆ ਗਈ। ਪੰਜਾਬ ਚੋਣ ਮੁਹਿੰਮ ਸਮਾਪਤ ਹੋ ਗਈ ਅਤੇ ਵੋਟਾਂ ਪੈਣ ਵਿਚ ਸਿਰਫ ਕੁਝ ਘੰਟੇ ਹੀ ਬਾਕੀ ਰਹਿੰਦੇ ਸਨ। ਦਿੱਲੀ ਵਿਚ, ਨਰਸਿਮਹਾ ਰਾਓ ਕਾਂਗਰਸ ਪਾਰਟੀ ਦੀ ਸੰਸਦੀ ਪਾਰਟੀ ਦਾ ਨੇਤਾ ਚੁਣਿਆ ਗਿਆ ਅਤੇ ਉਹ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਦਾਅਵੇਦਾਰ ਬਣ ਗਿਆ।

ਉਸ ਨੇ ਸੀ ਈ ਸੀ ਨੂੰ ਬੁਲਾਇਆ ਅਤੇ ਉਸ ਨੂੰ ਆਪਣੇ ਅਹੁਦੇ ਤੇ ਟਿਕੇ ਰਹਿਣ ਲਈ ਕਿਹਾ ਕਿਉਂਕਿ ਸੀ ਈ ਸੀ ਨੇ ਇਹ ਵਿਚਾਰ ਪ੍ਰਗਟ ਕੀਤੇ ਸਨ ਕਿ ਉਹ ਨਵੀਂ ਸਰਕਾਰ ਬਣਨ ਤੇ ਆਪਣਾ ਅਹੁਦਾ ਛੱਡ ਦੇਵੇਗਾ। ਇਸ ਦਾ ਮਤਲਬ ਇਹ ਸੀ ਕਿ ਪ੍ਰਧਾਨ ਮੰਤਰੀ ਉਸ ਤੇ (ਸੀ ਈ ਸੀ) ਬਹੁਤ ਖ਼ੁਸ਼ ਹੋਣਗੇ ਜੇਕਰ ਉਹ ਪੰਜਾਬ ਦੀਆਂ ਚੋਣਾਂ ਅੱਗੇ ਪਾ ਦੇਵੇਗਾ ਜਿਵੇਂ 27 ਨਵੰਬਰ, 1993 ਦੀ **ਸੰਡੇ ਮੇਲ** ਵਿਚ ਛੱਪਿਆ ਕਿ "ਰਾਓ ਨੇ ਸੇਸ਼ਨ ਨੂੰ ਕਿਹਾ ਕਿ ਉਹ ਪੰਜਾਬ ਵਿਚ ਅਸੈਂਬਲੀ ਚੋਣਾਂ ਨੂੰ ਅੱਗੇ ਪਾ ਦੇਵੇ। ਉਸ ਵਕਤ ਡਰ ਇਹ ਸੀ ਕਿ ਅਕਾਲੀ ਦਲ ਦੇ ਖਾੜਕੂ ਗਰੁੱਪ ਚੋਣਾਂ ਵਿਚ ਜਿੱਤ ਜਾਣਗੇ ਅਤੇ ਅਮਰੀਕਾ ਅਤੇ ਹੋਰ ਮੁਲਕਾਂ ਦੇ ਲੋਕ ਇਸ ਨੂੰ ਖਾਲਿਸਤਾਨ ਵਜੋਂ ਮਾਣਤਾ ਦੇ ਦੇਣਗੇ।"

ਉਸ ਵਕਤ ਪ੍ਰਧਾਨ ਮੰਤਰੀ ਦੇ ਅਹੁਦੇ ਤੇ ਬੈਠੇ ਚੰਦਰ ਸ਼ੇਖਰ ਅਤੇ

ਪੰਜਾਬ ਦੇ ਰਾਜਪਾਲ ਓ.ਪੀ. ਮਲਹੋਤਰਾ ਦੁਆਰਾ ਮੁੱਖ ਚੋਣ ਕਮਿਸ਼ਨਰ ਨੂੰ ਦਿੱਤੀ ਗਈ ਸਲਾਹ ਦੀ ਪਰਵਾਹ ਨਾ ਕਰਦਿਆਂ ਚੋਣ ਕਾਂਗਰਸ ਦੇ ਪ੍ਰਧਾਨ ਦੀ ਸਲਾਹ ਤੇ ਅੱਗੇ ਪਾ ਦਿੱਤੀ ਕਿਉਂਕਿ ਇਸ ਪਾਰਟੀ ਨੇ ਚੋਣਾਂ ਦਾ ਬਾਈਕਾਟ ਕਰ ਦਿੱਤਾ ਸੀ।

ਵੋਟਾਂ ਪੈਣੀਆਂ ਸ਼ੁਰੂ ਹੋਣ ਤੋਂ ਕੁਝ ਘੰਟੇ ਹੀ ਪਹਿਲਾਂ ਮੁੱਖ ਚੋਣ ਕਮਿਸ਼ਨਰ ਨੇ ਚੋਣਾਂ ਤਿੰਨ ਮਹੀਨੇ ਅੱਗੇ ਪਾਉਣ ਦਾ ਐਲਾਨ ਕਰ ਦਿੱਤਾ।

ਅਕਾਲੀਆਂ ਨੂੰ ਥੱਲੇ ਲਾਉਣ ਲਈ ਕਾਂਗਰਸ ਸਰਕਾਰ ਨੇ ਆਪਣੀਆਂ ਸੁਰੱਖਿਆ ਏਜੰਸੀਆਂ ਰਾਹੀਂ ਅਕਾਲੀ ਉਮੀਦਵਾਰਾਂ ਜਿਹੜੇ ਰੱਦ ਹੋਈ ਚੋਣ ਵਿਚ ਖੜ੍ਹੇ ਸਨ, ਨੂੰ ਖ਼ਤਮ ਕਰਨਾ ਸ਼ੁਰੂ ਕਰ ਦਿੱਤਾ। ਪੁਲਿਸ ਨੇ ਸਿੱਖ ਗਰੁੱਪਾਂ ਵਿਚੋਂ ਉਨ੍ਹਾਂ ਉਮੀਦਵਾਰਾਂ, ਜਿਹੜੇ ਜੂਨ, 1991 ਵਿਚ ਚੋਣ ਵਿਚ ਖੜ੍ਹੇ ਹੋਏ ਸਨ ਅਤੇ ਜਿਨ੍ਹਾਂ ਪਿਛੇ ਲੋਕਾਂ ਦੀ ਬਹੁਤ ਜ਼ਿਆਦਾ ਮਦਦ ਸੀ, ਨੂੰ ਚੁੱਕਣਾ ਸ਼ੁਰੂ ਕਰ ਦਿੱਤਾ। ਇਕੱਲੇ ਲਹਿਰਾ ਹਲਕੇ ਤੋਂ ਦੋ ਉਮੀਦਵਾਰ, ਅਵਤਾਰ ਸਿੰਘ ਅਤੇ ਬਲਬੀਰ ਨੂੰ ਹਿਰਾਸਤ ਵਿਚ ਲੈ ਲਿਆ ਅਤੇ ਬਾਅਦ ਵਿਚ ਝੂਠੇ ਮੁਕਾਬਲਿਆਂ ਵਿਚ ਮਾਰ ਦਿੱਤਾ। ਇਹੋ ਜਿਹੀਆਂ ਹੱਤਿਆਵਾਂ ਦੀਆਂ ਖ਼ਬਰਾਂ ਦੂਜੇ ਹਲਕਿਆਂ ਤੋਂ ਵੀ ਪ੍ਰਾਪਤ ਹੋਈਆਂ।

ਅਵਤਾਰ ਸਿੰਘ ਦਾ ਕੇਸ ਐਮ ਏ ਐਸ ਆਰ ਦੁਆਰਾ ਰਜਿਸਟਰਡ ਡਾਕ ਰਾਹੀਂ 6 ਅਗਸਤ, 1991 ਨੂੰ ਮੁੱਖ ਚੋਣ ਕਮਿਸ਼ਨਰ ਨੂੰ ਭੇਜਿਆ ਗਿਆ ਪਰੰਤੂ ਉਸ ਦਾ ਕੋਈ ਉੱਤਰ ਨਹੀਂ ਆਇਆ। ਕਈ ਹੋਰ ਜਿੱਤੇ ਜਾਣ ਵਾਲੇ ਉਮੀਦਵਾਰਾਂ ਨੂੰ ਮਾਰ ਦਿੱਤੇ ਜਾਣ ਦਾ ਸੰਦੇਹ ਸੀ ਕਿਉਂਕਿ ਬਹੁਤ ਸਾਰੇ ਨੇਤਾ ਮਾਰੇ ਜਾ ਚੁੱਕੇ ਸਨ।

ਜੂਨ, 1991 ਦੀ ਚੋਣ ਰੱਦ ਕਰਨਾ ਗਲਤ, ਪੱਖਪਾਤੀ ਅਤੇ ਬਿਲਕੁਲ ਗੈਰ-ਕਾਨੂੰਨੀ ਸੀ। ਅਕਾਲੀਆਂ ਦਾ ਭਾਰਤ ਵਿਚੋਂ ਵਿਸ਼ਵਾਸ ਉੱਠ ਗਿਆ ਅਤੇ ਉਨ੍ਹਾਂ ਨੇ 1992 ਦੀ ਚੋਣ ਦਾ ਬਾਈਕਾਟ ਕਰ ਦਿੱਤਾ। ਉਨ੍ਹਾਂ ਨੂੰ ਡਰ ਸੀ ਕਿ ਜੇਕਰ ਉਨ੍ਹਾਂ ਨੇ ਇਨ੍ਹਾਂ ਚੋਣਾਂ ਵਿਚ ਹਿੱਸਾ ਲਿਆ ਤਾਂ ਉਹ ਖ਼ਤਮ ਕਰ ਦਿੱਤੇ ਜਾਣਗੇ। ਨਾ ਹੀ ਇਸ ਗੱਲ ਦੀ ਸੰਭਾਵਨਾ ਸੀ ਕਿ ਜੇਕਰ ਅਕਾਲੀ ਜਿੱਤਦੇ ਦਿੱਸੇ ਤਾਂ ਚੋਣ ਦੁਬਾਰਾ ਰੱਦ ਨਹੀਂ ਕਰ ਦਿੱਤੀ ਜਾਵੇਗੀ। ਉਨ੍ਹਾਂ ਕੋਲ ਆਪਣੀ ਚੋਣ ਸਮਰੱਥਾ ਅਤੇ ਆਪਣੀ ਮੰਗ ਦੀ ਲੋਕਪ੍ਰੀਅਤਾ ਦਿਖਾਉਣ ਲਈ ਇਕੋ ਇਕ ਰਾਹ ਸੀ ਇਕ ਕਾਮਯਾਬ ਬਾਈਕਾਟ।

ਸਰਕਾਰ ਨੇ ਸਿੱਖ ਨੇਤਾਵਾਂ ਅੰਦਰ ਇਸ ਸੋਚ ਨੂੰ ਬਲ ਦਿੱਤਾ। ਦਲਜੀਤ ਸਿੰਘ ਬਿੱਟੂ, ਪ੍ਰਧਾਨ, ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ (ਬਿੱਟੂ) ਤੋਂ 1992 ਦੀਆਂ ਚੋਣਾਂ ਦੇ ਬਾਈਕਾਟ ਦੀ ਮੰਗ ਕਰਦਿਆਂ ਸੁਨੇਹੇ ਆਉਣੇ ਸ਼ੁਰੂ ਹੋ ਗਏ ਅਤੇ ਗੁਰਚਰਨ ਸਿੰਘ ਟੌਹੜਾ ਨੇ ਇਸ ਮੰਗ ਨੂੰ ਪੂਰਾ ਸਮਰਥਨ ਦਿੱਤਾ। ਬਾਅਦ ਵਿਚ ਵੀ.ਐਨ. ਨਾਰਾਇਣਨ, ਹੁਣ ਮੁੱਖ ਸੰਪਾਦਕ **ਹਿੰਦੋਸਤਾਨ ਟਾਈਮਜ਼** ਨੇ ਆਪਣੀ 1996 ਵਿਚ ਆਜ਼ਾਦ ਪਬਲਿਸ਼ਰਜ਼

ਦੁਆਰਾ ਛਾਪੀ ਗਈ "**ਟ੍ਰਾਈਸਟ ਵਿਦ ਟੈਰਰ**" ਪੁਸਤਕ ਵਿਚ ਪੁਲਿਸ ਦੁਆਰਾ ਮਾਰੇ ਗਏ ਅਤੇ ਪਕੜੇ ਗਏ ਦਿਖਾਏ ਗਏ ਚੋਟੀ ਦੇ ਅੱਤਵਾਦੀਆਂ ਦੀ ਸੂਚੀ ਪੇਸ਼ ਕੀਤ। ਦਲਜੀਤ ਸਿੰਘ ਬਿੱਟੂ 1989 ਵਿਚ ਗਿਰਫਤਾਰ ਕੀਤਾ / ਮਾਰਿਆ ਗਿਆ ਦਿਖਾਇਆ ਗਿਆ ਸੀ। ਤੁਸੀਂ ਹੈਰਾਨ ਹੋਵੋਗੇ ਕਿ ਕੀ ਬਿੱਟੂ ਵਲੋਂ ਭੇਜੇ ਗਏ ਸੁਨੇਹੇ ਦਰਅਸਲ ਪੁਲਿਸ ਵਲੋਂ ਭੇਜੇ ਜਾ ਰਹੇ ਸਨ।

ਦਲਜੀਤ ਸਿੰਘ ਬਿੱਟੂ ਨੂੰ 1996 ਵਿਚ ਫਿਰ ਇਕ ਫਾਰਮ ਤੋਂ ਗਿਰਫਤਾਰ ਕੀਤਾ ਗਿਆ ਦਿਖਾਇਆ ਗਿਆ ਸੀ। ਕੀ ਬਿੱਟੂ ਦੀ ਪਹਿਲਾਂ ਦਿਖਾਈ ਗਈ ਗਿਰਫਤਾਰੀ ਵੀ.ਐਨ. ਨਰਾਇਣਨ ਦੇ ਰਾਹੀਂ ਜਾਣਬੁੱਝ ਕੇ ਗਲਤ ਸੂਚਨਾ ਦਿੱਤੇ ਜਾਣ ਦੀ ਇਕ ਕਾਰਵਾਈ ਸੀ ? ਕੀ ਨਰਾਇਣਨ ਨੇ ਪੱਤਰਕਾਰੀ ਸਿਧਾਂਤਾਂ ਨੂੰ ਛਿੱਕੇ ਟੰਗ ਕੇ ਇਕ ਪ੍ਰਸਿੱਧ ਖਾੜਕੂ ਨੇਤਾ ਨੂੰ ਬਦਨਾਮ ਕਰਨ ਵਾਸਤੇ ਇਹ ਝੂਠੀ ਖ਼ਬਰ ਛਾਪਣ ਲਈ ਪੁਲਿਸ ਦੁਆਰਾ ਆਪਣੇ ਆਪ ਨੂੰ ਵਰਤੇ ਜਾਣ ਦੀ ਜਾਣਬੁਝ ਕੇ ਆਗਿਆ ਦਿੱਤੀ ਸੀ ?

1992 ਦੀਆਂ ਚੋਣਾਂ ਸਮੇਂ ਅੱਤਵਾਦ ਜ਼ੋਰਾਂ ਤੇ ਸੀ ਪਰੰਤੂ ਇਸ ਸਮੇਂ ਦੌਰਾਨ ਇਕ ਵੀ ਉਮੀਦਵਾਰ ਨਹੀਂ ਮਰਿਆ ਜਾਂ ਕਿਸੇ ਤੇ ਗੋਲੀ ਵੀ ਚੱਲੀ ਹੋਵੇ। ਪੁਲਿਸ ਵਾਲਿਆਂ ਨੂੰ ਬਾਈਕਾਟ ਦੇ ਹੱਕ ਵਿਚ ਪਿੰਡਾਂ ਦੀਆਂ ਕੰਧਾਂ ਤੇ ਧਮਕੀ ਭਰੇ ਇਸ਼ਤਿਹਾਰ ਲਗਾਉਣ ਲਈ ਫਿਰ ਵਰਤਿਆ ਗਿਆ। ਪੁਲਿਸ ਅਤੇ ਫੌਜ ਦੀਆਂ ਗੱਡੀਆਂ ਦੀ ਗੁੰਡਿਆਂ ਨੂੰ ਪੋਲਿੰਗ ਬੂਥਾਂ ਤੇ ਲਿਜਾ ਕੇ ਵੱਡੀ ਪੱਧਰ ਤੇ ਬੈਲਟ ਪੇਪਰਾਂ ਵਿਚ ਹੇਰਾ-ਫੇਰੀ ਕਰਨ ਲਈ ਸ਼ਰੇ-ਆਮ ਵਰਤੋਂ ਕੀਤੀ ਗਈ।

ਅਕਾਲੀ ਬਾਈਕਾਟ ਦੇ ਬਾਵਜੂਦ ਵੀ ਕੁੱਝ ਸਥਾਨਕ ਸਿੱਖ ਨੇਤਾਵਾਂ ਨੇ ਕਾਂਗਰਸ ਦੇ ਵਿਰੁੱਧ ਖੜ੍ਹੇ ਹੋਣ ਦਾ ਐਲਾਨ ਕੀਤਾ। ਉਨ੍ਹਾਂ ਨੂੰ ਅਜਿਹਾ ਕਰਨੋਂ ਰੋਕਿਆ ਗਿਆ ਅਤੇ ਇਕ ਅਜਿਹੇ ਉਮੀਦਵਾਰ ਜਿਸਨੇ 1991 ਵਿਚ ਚੋਣ ਲੜੀ ਸੀ, ਬਲਬੀਰ ਸਿੰਘ ਨੂੰ ਹਿਰਾਸਤ ਵਿਚ ਲੈ ਲਿਆ ਅਤੇ ਬਾਅਦ ਵਿਚ ਇਕ ਝੂਠੇ ਮੁਕਾਬਲੇ ਵਿਚ ਮਾਰ ਦਿੱਤਾ ਗਿਆ। ਲਾਗਲੇ ਦਿੜ੍ਹਬਾ ਹਲਕੇ ਦੇ ਦਲਜੀਤ ਸਿੰਘ ਨਾਲ ਵੀ ਇਹੀ ਹੋਇਆ।

2 ਫਰਵਰੀ, 1992 ਨੂੰ **ਦਿ ਟ੍ਰਿਬਿਊਨ** ਵਿਚ ਖ਼ਬਰ ਆਈ ਕਿ "ਅਕਾਲੀ ਦਲ (ਕਾਬਲ) ਅਤੇ ਯੁਵਾ ਜਨਤਾ ਦਲ ਦੇ ਕੁਝ ਉਮੀਦਵਾਰਾਂ ਨੇ ਦੋਸ਼ ਲਗਾਇਆ ਹੈ ਕਿ ਉਨ੍ਹਾਂ ਨੂੰ ਆਪਣੇ ਨਾਮਜ਼ਦਗੀ ਪਰਚੇ ਦਾਖਲ ਨਹੀਂ ਕਰਨ ਦਿੱਤੇ ਗਏ।" ਉਸੇ ਦਿਨ ਅਮਰਿੰਦਰ ਸਿੰਘ ਨੇ ਪ੍ਰੈਸ ਵਿਚ ਖ਼ਬਰ ਦਿੱਤੀ ਕਿ ਉਸ ਦੀ ਪਾਰਟੀ ਦੇ ਉਮੀਦਵਾਰ ਚਰਨਜੀਤ ਸਿੰਘ ਨੂੰ ਨੌਸ਼ਹਿਰਾ ਪੰਨੂਆਂ ਵਿਖੇ ਆਪਣੇ ਨਾਮਜ਼ਦਗੀ ਕਾਗਜ਼ ਦਾਖਲ ਕਰਨ ਤੋਂ ਰੋਕਣ ਲਈ ਪੁਲਿਸ ਦੁਆਰਾ ਨਜ਼ਰਬੰਦ ਕਰ ਲਿਆ ਗਿਆ ਹੈ। ਜਦੋਂ ਚਰਨਜੀਤ ਦੁਬਾਰਾ ਰਿਟਰਨਿੰਗ ਅਫ਼ਸਰ ਦੇ ਦਫ਼ਤਰ ਵਿਚ ਆਖਰੀ ਵਾਰ 2.30 ਵਜੇ ਬਾਅਦ ਦੁਪਹਿਰ ਪੁੱਜਾ ਤਾਂ ਉਸ ਨੂੰ ਕਾਗਜ਼ ਸਵੀਕਾਰ ਕਰਨ ਤੋਂ ਨਾਂਹ ਕਰ ਦਿੱਤੀ

ਗਈ ਅਤੇ ਕਾਗਜ਼ਾਂ ਤੇ 3.30 ਵਜੇ ਬਾਅਦ ਦੁਪਹਿਰ ਦਾ ਸਮਾਂ ਨੋਟ ਕੀਤਾ ਗਿਆ।

ਸਰਹਿੰਦ ਵਿਖੇ, ਪੁਲਿਸ ਨੇ ਅਕਾਲੀ ਉਮੀਦਵਾਰ ਹਰਪਾਲ ਸਿੰਘ, ਜਦੋਂ ਉਹ ਆਪਣੇ ਕਾਗਜ਼ ਦਾਖਲ ਕਰਨ ਗਿਆ, ਨੂੰ ਪਕੜ ਲਿਆ ਗਿਆ। ਚਾਹੇ ਉਸ ਨਾਲ ਹੱਥੋ-ਪਾਈ ਹੋਈ ਪਰੰਤੂ ਉਹ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਕਾਗਜ਼ ਦਾਖਲ ਕਰ ਗਿਆ ਪਰੰਤੂ ਉਸ ਦੇ ਕਵਰਿੰਗ ਉਮੀਦਵਾਰ ਨੂੰ ਆਪਣੇ ਪਰਚੇ ਦਾਖਲ ਨਾ ਕਰਨ ਦਿੱਤੇ ਗਏ।

ਪੰਜਾਬ ਯੁਵਾ ਜਨਤਾ ਦਲ ਨਾਲ ਵੀ ਇਹੋ ਕੁਝ ਹੋਇਆ। ਉਨ੍ਹਾਂ ਦੇ ਨੇਤਾਵਾਂ ਨੇ ਦੋਸ਼ ਲਗਾਇਆ ਕਿ ਪੁਲਿਸ ਨੇ ਉਨ੍ਹਾਂ ਦੇ ਤਿੰਨ ਉਮੀਦਵਾਰਾਂ ਨੂੰ ਨਾਮਜ਼ਦਗੀ ਪਰਚੇ ਦਾਖਲ ਕਰਨ ਤੋਂ ਰੋਕਿਆ। ਚਰਨਕੰਵਲ ਨੂੰ ਰਾਜਪੁਰਾ ਵਿਖੇ, ਪਰਮਿੰਦਰ ਸਿੰਘ ਵਾਲੀਆ ਨੂੰ ਸਰਹਿੰਦ ਅਤੇ ਜਸਵਿੰਦਰ ਸਿੰਘ ਨੂੰ ਸਮਾਣਾ ਵਿਖੇ ਰੋਕਿਆ ਗਿਆ।

ਬਹੁਜਨ ਸਮਾਜ ਪਾਰਟੀ ਦੇ ਕੌਮੀ ਮੁੱਖੀ ਕਾਂਸ਼ੀ ਰਾਮ ਨੇ ਦੋਸ਼ ਲਗਾਇਆ ਕਿ ਫੌਜ ਅਤੇ ਨੀਮ ਫੌਜੀ ਬਲ ਦੋਵੇਂ ਕਾਂਗਰਸ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਕੰਮ ਕਰਦੇ ਸਨ। ਚਾਹੇ ਇਸ ਵਾਰੀ ਉਮੀਦਵਾਰਾਂ ਨੂੰ ਮਾਰਿਆ ਨਹੀਂ ਗਿਆ ਪਰ ਕਾਂਗਰਸ ਦਾ ਵਿਰੋਧ ਕਰ ਰਹੇ ਵਿਅਕਤੀਆਂ ਤੇ ਗੋਲੀ ਜ਼ਰੂਰ ਚਲਾਈ ਗਈ। "16 ਫਰਵਰੀ ਨੂੰ ਬੀ ਐਸ ਪੀ ਦੇ ਨੌਂ ਕਾਰਜਕਰਤਾ ਮਾਰ ਦਿੱਤੇ ਗਏ। ਇਹ ਇਕ ਬਹੁਤ ਵਿਉਂਤਬੱਧ ਚਾਲ ਸੀ। ਅਗਲੇ ਦਿਨ ਉਨ੍ਹਾਂ ਨੇ ਦੋ ਅੱਤਵਾਦੀਆਂ ਦੇ ਨਾਵਾਂ ਦਾ ਐਲਾਨ ਕੀਤਾ ਜਿਹੜੇ ਇਨ੍ਹਾਂ ਹੱਤਿਆਵਾਂ ਲਈ ਜ਼ਿੰਮੇਵਾਰ ਠਹਿਰਾਏ ਗਏ ਸਨ ਪਰੰਤੂ ਇਸ ਪਿੱਛੇ ਹੱਥ ਇਸ ਗੱਲ ਦਾ ਸੀ ਕਿ ਚੋਣ ਦੇ ਆਖਰੀ ਪੜਾਅ ਤੇ ਬੀ ਐਸ ਪੀ ਵੋਟਰਾਂ ਨੂੰ ਡਰਾ ਦਿੱਤਾ ਜਾਵੇ।" (**ਇੰਡੀਅਨ ਐਕਸਪ੍ਰੈਸ**, ਫਰਵਰੀ 29, 1992)। ਉਸ ਨੇ ਐਲਾਨ ਕੀਤਾ ਕਿ ਚੋਣ ਦੌਰਾਨ ਅਤੇ ਬਾਅਦ ਵਿਚ, ਰਾਜ ਵਿਚ ਬੀ ਐਸ ਪੀ ਦੇ ਕਾਰਜਕਰਤਾਵਾਂ ਨੂੰ ਅਸਲ ਵਿਚ ਕਾਂਗਰਸ ਦੁਆਰਾ ਮਰਵਾਇਆ ਗਿਆ ਸੀ। ਇਸੇ ਤਰ੍ਹਾਂ ਦੇ ਦੋਸ਼ ਹੋਰ ਪਾਰਟੀਆਂ ਨੇ ਵੀ ਲਗਾਏ ਸਨ।

ਵੱਡੇ ਪੈਮਾਨੇ ਤੇ ਹੇਰਾ-ਫੇਰੀ ਦੇ ਬਾਵਜੂਦ ਵੀ ਕੁੱਲ 21 ਪ੍ਰਤਿਸ਼ਤ ਵੋਟਾਂ ਹੀ ਪਈਆਂ ਸਨ ਅਤੇ ਕਾਂਗਰਸ ਨੂੰ ਸਿਰਫ 6 ਤੋਂ 8 ਪ੍ਰਤਿਸ਼ਤ ਵੋਟਾਂ ਪਈਆਂ। ਅਕਾਲੀਆਂ ਵਲੋਂ ਕੀਤੇ ਗਏ ਬਾਈਕਾਟ ਨੇ ਉਨ੍ਹਾਂ ਦੀਆਂ ਮੰਗਾਂ ਦੇ ਹੱਕ ਵਿਚ ਮੁਹਰ ਲਾ ਦਿੱਤੀ।

ਅਕਾਲੀ ਬਾਈਕਾਟ ਨੂੰ ਬਹੁਤ ਹੁੰਗਾਰਾ ਮਿਲਿਆ ਅਤੇ ਕੇਂਦਰ ਨੂੰ ਇਹ ਡਰ ਪੈ ਗਿਆ ਕਿ ਅਕਾਲੀ ਪਾਰਟੀ ਸ਼ਾਇਦ ਆਪਣੀ "ਜਿੱਤ ਸਮਾਰੋਹ" ਅਤੇ ਅਨੁਵਰਤੀ ਕਾਰਵਾਈ ਕਰਨ। ਕੇਂਦਰੀ ਮੰਤਰੀ-ਮੰਡਲ ਦੇ ਮੰਤਰੀਆਂ ਵਲੋਂ ਅਕਾਲੀ ਨੇਤਾਵਾਂ ਨੂੰ ਸੁਨੇਹੇ ਆਉਣ ਲਗ ਪਏ। ਇਨ੍ਹਾਂ ਸੁਨੇਹਿਆਂ ਦਾ ਸਾਰਾਂਸ਼ ਇਹ ਸੀ ਕਿ "ਤੁਸੀਂ ਆਪਣੀ ਤਾਕਤ ਦਿਖਾ ਦਿੱਤੀ ਹੈ। ਬੇਅੰਤ

ਸਿੰਘ ਸਰਕਾਰ ਕਿਸੇ ਸਮੇਂ ਵੀ ਬਰਖਾਸਤ ਕੀਤੀ ਜਾ ਸਕਦੀ ਹੈ ਅਤੇ ਤੁਹਾਡੀ ਪਾਰਟੀ ਨੂੰ ਸੱਤਾ ਸੰਭਾਲਣ ਦਾ ਮੌਕਾ ਦਿੱਤਾ ਜਾਵੇਗਾ। ਅਕਾਲੀ ਨੇਤਾਵਾਂ ਨਾਲ ਗੁਪਤ ਵਾਰਤਾਲਾਪਾਂ ਕੀਤੀਆਂ ਗਈਆਂ ਜਿਨ੍ਹਾਂ ਕਰਕੇ ਪੁਲਿਸ ਨੂੰ ਲੰਬਾ ਚਿਰ ਮੁਕੰਮਲ ਕੰਟ੍ਰੋਲ ਕਰਨ ਦਾ ਮੌਕਾ ਮਿਲਿਆ। ਉਸ ਤੋਂ ਬਾਅਦ ਉਨ੍ਹਾਂ ਨੂੰ ਪ੍ਰਵੇਸ਼ ਮਾਰਗ ਦਿਖਾਇਆ ਗਿਆ। ਅਤੇ ਬੇਅੰਤ ਸਿੰਘ ਸਰਕਾਰ, ਜਦ ਤਕ 31 ਅਗਸਤ, 1995 ਨੂੰ ਹੋਏ ਇਕ ਬੰਬ ਧਮਾਕੇ ਵਿਚ ਮੁੱਖ ਮੰਤਰੀ ਦੀ ਮੌਤ ਨਹੀਂ ਹੋ ਗਈ, ਨੂੰ ਖੁਸ਼ੀ ਖੁਸ਼ੀ ਕਾਠੀ ਪਾਈ ਰੱਖੀ।

*ਪੰਚਾਇਤਾਂ : ਕੇਂਦਰੀ ਸ਼ਕਤੀ :*

ਭਾਰਤ ਵਿਚ ਚੁਣੀ ਹੋਈ ਸੰਸਦ ਅਤੇ ਰਾਜ ਵਿਧਾਨ ਸਭਾਵਾਂ ਥੋੜ੍ਹੇ ਸਮੇਂ ਤੋਂ ਹੋਂਦ ਵਿਚ ਹਨ ਪਰੰਤੂ ਇਕ ਸੰਸਥਾ ਅਜਿਹੀ ਹੈ ਜਿਹੜੀ ਭਾਰਤੀ ਫਿਰਕਿਆਂ ਦੇ ਸਮਾਜਿਕ, ਰਾਜਨੀਤਕ ਅਤੇ ਕਾਨੂੰਨੀ ਪੱਧਰਾਂ ਨੂੰ ਸਾਕਾਰ ਕਰਦੀ ਹੈ, ਜਿਹੜੀ ਸਚਮੁਚ ਪੁਰਾਤਨ ਹੈ ਅਤੇ ਜਿਸ ਨੂੰ ਘੱਟ ਪੜ੍ਹੇ ਲੋਕ ਵੀ ਚੰਗੀ ਤਰ੍ਹਾਂ ਸਮਝਦੇ ਹਨ। ਇਹ ਹੈ ਪੰਚਾਇਤ। ਸਲਤਨਤਾਂ ਬਦਲਦੀਆਂ ਰਹਿੰਦੀਆਂ ਹਨ - ਜਿਵੇਂ ਕਨੌਜ, ਮਗਧ, ਦਿੱਲੀ - ਪਰੰਤੂ ਪੰਚਾਇਤ ਪ੍ਰਣਾਲੀ ਹਜ਼ਾਰਾਂ ਸਾਲਾਂ ਤੋਂ ਨਿਰਵਿਘਨ ਅਤੇ ਨਿਰੰਤਰ ਚਲੀ ਆ ਰਹੀ ਹੈ। ਇਸਦੇ ਸ਼ਬਦੀ ਅਰਥ ਹਨ 'ਪੰਜ'।

ਸਦੀਆਂ ਤੋਂ ਪਿੰਡ ਪੰਚਾਇਤ ਆਮ ਤੌਰ ਤੇ ਪਿੰਡ ਦੇ ਪੰਜਾਂ ਵਿਅਕਤੀਆਂ ਜਿਹੜੇ ਆਪਣੀ ਸੰਪਤੀ ਜਾਂ ਸਿਆਣਪ ਜਾਂ ਕਦੀ ਕਦੀ ਆਪਣੀ ਪਵਿੱਤਰਤਾ ਦੇ ਸਿਰ ਤੇ ਬਣਦੇ ਸਨ, ਦੀ ਹੁੰਦੀ ਸੀ ਜਿਨ੍ਹਾਂ ਨੂੰ ਲੋਕਾਂ ਦੁਆਰਾ ਸਰਬ-ਸੰਮਤੀ ਨਾਲ ਸਵੀਕਾਰ ਕੀਤਾ ਜਾਂਦਾ ਸੀ। ਉਨ੍ਹਾਂ ਦੇ ਅਹੁਦੇ ਦੀ ਕੋਈ ਨਿਸ਼ਚਿਤ ਮਿਆਦ ਨਹੀਂ ਹੁੰਦੀ ਸੀ ਪਰੰਤੂ ਉਹ ਉਨਾਂ ਚਿਰ ਅਹੁਦੇ ਤੇ ਰਹਿੰਦੇ ਜਿੰਨਾ ਚਿਰ ਉਹ ਆਪਣਾ ਆਦਰ-ਮਾਣ ਬਣਾਈ ਰੱਖਦੇ। ਅਜ਼ਾਦੀ ਤੋਂ ਬਾਅਦ, ਪਿੰਡਾਂ ਦੀਆਂ ਪੰਚਾਇਤਾਂ ਕਿਸੇ ਨਿਸ਼ਚਿਤ ਮਿਆਦ ਲਈ ਚੁਣੀਆਂ ਜਾਣ ਲਗ ਪਈਆਂ। ਚਾਹੇ ਪੰਚਾਇਤ ਮੈਂਬਰ ਜਾਤੀ ਤੌਰ ਤੇ ਕਿਸੇ ਪਾਰਟੀ ਨਾਲ ਸੰਬੱਧਤਾ ਰੱਖਦਾ ਹੋਵੇ, ਲੇਕਿਨ ਪਿੰਡ ਦਾ ਮਾਹੌਲ ਟਕਰਾਅ ਨਾਲੋਂ ਸਹਿਯੋਗ ਦੇਣ ਵਾਲਾ ਹੁੰਦਾ ਸੀ ਅਤੇ ਪੰਚਾਇਤ ਪਾਰਟੀ-ਬਾਜ਼ੀ ਤੋਂ ਪਰ੍ਹੇ ਸੀ।

ਅੱਜ ਕੱਲ ਪਿੰਡਾਂ ਦੀਆਂ ਪੰਚਾਇਤਾਂ ਲੋਕ ਰਾਏ ਨੂੰ ਅਸਰਦਾਰ ਢੰਗ ਵਿਚ ਲਾਮਬੰਦ ਕਰਦੀਆਂ ਹਨ ਅਤੇ ਪਿੰਡ ਦੇ ਪ੍ਰਸਪਰ ਪ੍ਰਭਾਵ ਦਾ ਬਾਹਰਲੀਆਂ ਏਜੰਸੀਆਂ ਨਾਲ ਮੇਲਜੋਲ ਕਰਦੀਆਂ ਹਨ। ਆਧੁਨਿਕ ਕਾਨੂੰਨਾਂ ਨੇ ਏਜੰਸੀਆਂ ਲਈ ਪੰਚਾਇਤਾਂ ਦੇ ਵਿਅਕਤੀਗਤ ਮੈਂਬਰਾਂ ਨਾਲ ਮੇਲ ਜੋਲ ਰੱਖਣਾ ਸੰਭਵ ਬਣਾ ਦਿੱਤਾ ਪਰੰਤੂ ਜਿਥੇ ਸਾਰੇ ਪਿੰਡ ਦਾ ਸਬੰਧ ਹੋਵੇ ਤਾਂ ਪੰਚਾਇਤ ਪਿੰਡ ਦੀ ਪ੍ਰਤਿਨਿਧਤਾ ਕਰਦੀ ਹੈ ਅਤੇ ਜਿਥੇ ਪੰਚਾਇਤਾਂ ਉਲਟ ਹੋਣ, ਉਨ੍ਹਾਂ ਕੋਲੋਂ ਬਹੁਤ ਘੱਟ ਸਹਿਯੋਗ ਦੀ ਉਮੀਦ ਰੱਖੀ ਜਾ ਸਕਦੀ ਹੈ।

ਸਰਕਾਰ ਦੇ ਕਿਸੇ ਕਾਨੂੰਨੀ ਜਾਂ ਗੈਰ-ਕਾਨੂੰਨੀ ਢੰਗ ਰਾਹੀਂ "ਸਿੱਖਾਂ ਨੂੰ ਸਬਕ ਸਿਖਾਉਣ" ਦੇ ਨਿਸ਼ਚੇ ਦਾ ਪੰਜਾਬ ਦੇ ਪਿੰਡਾਂ ਦੀਆਂ ਪੰਚਾਇਤਾਂ ਤੇ ਕੁਝ ਵੀ ਅਸਰ ਨਹੀਂ ਪਿਆ। ਪ੍ਰੈਸ ਵਿਚ ਆਈਆਂ ਖ਼ਬਰਾਂ ਨੇ ਸਮੇਂ ਸਮੇਂ ਤੇ ਇਸ ਚੀਜ਼ ਦੀ ਗਵਾਹੀ ਭਰੀ ਹੈ।

ਫਰਵਰੀ, 1991 ਵਿਚ, ਪਿੰਡ ਪੱਡੇ, ਤਹਿਸੀਲ ਡੇਰਾ ਬਾਬਾ ਨਾਨਕ, ਜ਼ਿਲ੍ਹਾ ਅੰਮ੍ਰਿਤਸਰ ਦੇ ਸਰਪੰਚ ਸੋਹਣ ਸਿੰਘ ਅਤੇ ਪੰਚਾਇਤ ਦੇ ਹੋਰਨਾਂ ਮੈਂਬਰਾਂ ਨੂੰ ਪਿੰਡ ਦੇ ਲੋਕਾਂ ਸਾਹਮਣੇ ਕੁੱਟਿਆ ਅਤੇ ਬੇਇੱਜ਼ਤ ਕੀਤਾ ਗਿਆ।

ਦਸੰਬਰ, 1990 ਵਿਚ, ਪਿੰਡ ਬਿੱਲੂਵਾਲ, ਜ਼ਿਲ੍ਹਾ ਗੁਰਦਾਸਪੁਰ ਦੇ ਪੰਚ ਮੁੱਖਵੰਤ ਸਿੰਘ ਨੇ ਪੁਲਿਸ ਦੀਆਂ ਜ਼ਿਆਦਤੀਆਂ ਤੇ ਵਿਚਾਰ-ਵਟਾਂਦਰਾ ਕਰਨ ਲਈ ਪਿੰਡ ਵਡਾਲਾ ਗ੍ਰੰਥੀਆਂ ਵਿਖੇ ਪੰਚਾਇਤਾਂ ਦਾ ਇਕੱਠ ਕੀਤਾ ਅਤੇ ਬਾਅਦ ਵਿਚ ਇਨ੍ਹਾਂ ਪੰਚਾਇਤਾਂ ਨੇ ਰੋਸ ਵਜੋਂ ਅਸਤੀਫ਼ੇ ਦੇ ਦਿੱਤੇ। ਮੁੱਖਵੰਤ ਸਿੰਘ ਨੂੰ ਪੁਲਿਸ ਨੇ ਚੁੱਕ ਲਿਆ। ਉਸ ਨੇ ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਡੀ. ਐਸ. ਕਲ੍ਹਾ ਨੂੰ ਸ਼ਿਕਾਇਤ ਕੀਤੀ ਜਿਸ ਨੇ ਪੁਲਿਸ ਦੀਆਂ ਜ਼ਿਆਦਤੀਆਂ ਬਾਰੇ ਸਰਕਾਰ ਨੂੰ ਸੂਚਿਤ ਕੀਤਾ। ਉਸ ਨੇ ਫਰਵਰੀ ਵਿਚ ਇੰਸਪੈਕਟਰ ਜਨਰਲ ਆਫ ਪੁਲਿਸ ਨੂੰ ਵੀ ਇਸ ਬਾਰੇ ਸ਼ਿਕਾਇਤ ਕੀਤੀ। ਉਸ ਤੋਂ ਤੁਰਤ ਬਾਅਦ ਮੁੱਖਵੰਤ ਸਿੰਘ ਦੇ ਲੜਕੇ ਨੂੰ ਵੀ ਚੁੱਕ ਲਿਆ ਗਿਆ। ਇਸ ਲੜਕੇ ਨੂੰ ਬਾਰਡਰ ਰੇਂਜ ਦੇ ਡੀ ਆਈ ਜੀ, ਐਮ.ਐਸ. ਭੁੱਲਰ ਦੇ ਹੁਕਮਾਂ ਤੇ ਰਿਹਾਅ ਕਰ ਦਿੱਤਾ ਗਿਆ। ਰਾਤ ਨੂੰ ਉਸ ਨੂੰ ਅਜੇ ਛੱਡਿਆ ਹੀ ਸੀ, ਪਿੰਡ ਵਡਾਲਾ ਗ੍ਰੰਥੀਆਂ ਦੇ ਸਰਪੰਚ ਬਚਨ ਸਿੰਘ ਨੂੰ ਚੁੱਕ ਲਿਆ ਗਿਆ। ਮੁੱਖਵੰਤ ਸਿੰਘ ਨੇ ਬਟਾਲਾ ਵਿਖੇ ਐਸ ਐਸ ਪੀ ਦੇ ਦਫਤਰ ਤੋਂ ਬਾਹਰ ਇਸ ਬਾਰੇ ਪੱਤਰਕਾਰਾਂ ਨੂੰ ਕੁਝ ਦੱਸਿਆ। ਜਿਉਂ ਹੀ ਇਹ ਪੱਤਰਕਾਰ ਐਸ ਐਸ ਪੀ ਨੂੰ ਮਿਲਣ ਤੋਂ ਬਾਅਦ ਬਾਹਰ ਆਏ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਇਸ ਗਲ ਤੋਂ ਚਿੜ੍ਹ ਕੇ ਮੁੱਖਵੰਤ ਸਿੰਘ ਨੂੰ ਅਗਵਾ ਕਰ ਲਿਆ ਗਿਆ ਹੈ।

ਘੱਟੋ-ਘੱਟ ਇਕੋ ਸਰਪੰਚ, ਜਿਸ ਨੇ ਆਪਣੇ ਕਰਤੱਵ ਗੰਭੀਰਤਾ ਨਾਲ ਨਿਭਾਏ, ਨੂੰ ਆਪਣੀ ਜਾਨ ਵਾਰ ਕੇ ਇਸ ਦਾ ਮੁੱਲ ਤਾਰਨਾ ਪਿਆ। ਜਦੋਂ ਪਿੰਡ ਲਟਾਲਾ ਦੇ ਹਰਦੀਪ ਸਿੰਘ ਨੂੰ ਪੁਲਿਸ ਨੇ ਚੁੱਕ ਲਿਆ ਤਾਂ ਮਹਿੰਦਰ ਸਿੰਘ ਸਰਪੰਚ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਤਲਾਸ਼ੀ (ਹੈਬੀਅਸ ਕਾਰਪਸ) ਪੈਟੀਸ਼ਨ ਦਾਇਰ ਕਰ ਦਿੱਤੀ। ਇਸ ਤੋਂ ਗੁੱਸਾ ਖਾ ਕੇ ਪੁਲਿਸ ਨੇ ਮਹਿੰਦਰ ਸਿੰਘ ਨੂੰ 11 ਅਗਸਤ, 1992 ਨੂੰ ਚੁੱਕ ਲਿਆ ਅਤੇ ਕੁੱਟ ਕੁੱਟ ਕੇ ਮਾਰ ਦਿੱਤਾ। ਉਸ ਦੀ ਪਤਨੀ ਜਰਜਿੰਦਰ ਕੌਰ ਦੀ ਵੀ ਬਹੁਤ ਜ਼ਿਆਦਾ ਮਾਰ-ਕੁਟਾਈ ਕੀਤੀ ਪਰੰਤੂ ਉਹ ਮਰਨੋਂ ਬੱਚ ਗਈ।

ਅਕਤੂਬਰ 31, 1991 ਨੂੰ **ਪੰਜਾਬੀ ਟ੍ਰਿਬਿਊਨ** ਵਿਚ ਖ਼ਬਰ ਛਪੀ ਕਿ ਜ਼ਿਲ੍ਹਾ ਸੰਗਰੂਰ ਦੇ ਧੂਰੀ ਬਲਾਕ ਦੇ 68 ਪਿੰਡਾਂ ਦੀਆਂ ਪੰਚਾਇਤਾਂ ਨੇ ਅਸਤੀਫੇ ਦੇ ਦਿੱਤੇ ਹਨ। ਉਨ੍ਹਾਂ ਬਿਆਨ ਦਿੱਤੇ ਕਿ ਉਹ ਪੁਲਿਸ ਦੁਆਰਾ ਸ਼ਰੇ-ਆਮ

ਉਨ੍ਹਾਂ ਨਾਲ ਕੀਤੇ ਗਏ ਨਿਰਾਦਰ ਅਤੇ ਝੂਠੇ ਮੁਕਾਬਲਿਆਂ ਵਿਰੁੱਧ ਰੋਸ ਵਜੋਂ ਅਸਤੀਫੇ ਦੇ ਰਹੇ ਹਨ।

ਸਤੰਬਰ, 1991 ਨੂੰ **ਦਿ ਟ੍ਰਿਬਿਊਨ** ਵਿਚ ਖ਼ਬਰ ਛਪੀ ਕਿ ਤਰਨ ਤਾਰਨ ਦੇ 100 ਪਿੰਡਾਂ ਦੇ ਪੰਚਾਂ ਅਤੇ ਸਰਪੰਚਾਂ ਨੇ ਝੂਠੇ ਪੁਲਿਸ ਮੁਕਾਬਲਿਆਂ, ਖੁਲ੍ਹੇ-ਆਮ ਬੇ-ਇੱਜ਼ਤ ਕਰਨ ਅਤੇ ਪੇਂਡੂ ਲੋਕਾਂ ਨੂੰ ਤੰਗ ਕਰਨ ਵਿਰੁੱਧ ਮਤਾ ਪਾਸ ਕਰਨ ਲਈ ਇਕੱਠ ਕੀਤਾ ਅਤੇ ਉਨ੍ਹਾਂ ਨੇ ਵੀ ਅਸਤੀਫੇ ਦੇਣ ਦੀ ਵਿਉਂਤ ਬਣਾਈ। ਲੇਕਿਨ ਉਨ੍ਹਾਂ ਦੀ ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ ਪੁਲਿਸ ਨੇ ਉਨ੍ਹਾਂ ਨੂੰ ਤਿੱਤਰ-ਬਿੱਤਰ ਕਰ ਦਿੱਤਾ।

ਨਵੰਬਰ 6, 1991 ਨੂੰ : ਲੁਧਿਆਣਾ ਜ਼ਿਲ੍ਹੇ ਦੇ 1400 ਪੰਚਾਂ ਅਤੇ ਸਰਪੰਚਾਂ ਨੇ ਪੁਲਿਸ ਵਧੀਕੀਆਂ ਵਿਰੁੱਧ ਰੋਸ ਵਜੋਂ ਅਸਤੀਫੇ ਦੇ ਦਿੱਤੇ।

ਅਕਤੂਬਰ, 1991 ਦੇ ਅਖੀਰ ਵਿਚ, ਪਿੰਡ ਡੂਮਛੇੜੀ, ਜ਼ਿਲ੍ਹਾ ਰੋਪੜ ਦੇ ਸਰਪੰਚ ਲਖਬੀਰ ਸਿੰਘ ਨੂੰ ਪੁਲਿਸ ਨੇ ਕੁੱਟਿਆ। ਉਨ੍ਹਾਂ ਨੇ ਉਸ ਦੀਆਂ ਦੋਵੇਂ ਲੱਤਾਂ ਤੋੜ ਦਿੱਤੀਆਂ।

*ਸਿੱਖ ਸੰਸਥਾਵਾਂ*

ਜਿਵੇਂ ਪੰਜਾਬ ਵਿਚ 2½ ਦਰਿਆ ਵਗਦੇ ਹਨ ਉਸੇ ਤਰ੍ਹਾਂ ਸਿੱਖਾਂ ਦੀਆਂ ਢਾਈ ਪ੍ਰਸਿੱਧ ਸੰਸਥਾਵਾਂ ਹਨ। ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਜੱਥੇਦਾਰ ਅਕਾਲ ਤਖ਼ਤ।

ਸ਼੍ਰੋਮਣੀ ਅਕਾਲੀ ਦਲ ਇਕ ਰਾਜਨੀਤਕ ਪਾਰਟੀ ਹੈ ਜਿਸ ਦੇ ਲਗਭਗ 80 ਸਾਲਾ ਇਤਿਹਾਸ ਵਿਚ ਇਹ ਕਈ ਵਾਰ ਟੁੱਟੀ ਅਤੇ ਕਈ ਵਾਰ ਗਠਨ ਕੀਤਾ ਗਿਆ ਪਰੰਤੂ ਚਾਹੇ ਕਿੰਨੇ ਵੀ ਅਕਾਲੀ ਦਲ ਬਣੇ ਸਭ ਨੇ ਇਹੋ ਹੀ ਮੁੱਢਲਾ ਦਾਅਵਾ ਕੀਤਾ ਕਿ : ਸਿੱਖਾਂ ਦੇ ਹਿੱਤਾਂ ਦੀ ਗੰਢ-ਤੁਪ ਕੀਤੀ ਜਾਣੀ ਚਾਹੀਦੀ ਹੈ। ਸ਼੍ਰੋਮਣੀ ਅਕਾਲੀ ਦਲ ਦਾ ਕਾਰਜ ਹੋਰ ਪਾਰਟੀਆਂ ਦੀ ਤਰ੍ਹਾਂ ਸ਼ਕਤੀ ਪ੍ਰਾਪਤ ਕਰਨਾ ਅਤੇ ਰਾਜ ਕਰਨਾ ਹੈ। ਸ਼੍ਰੋਮਣੀ ਅਕਾਲੀ ਦਲ ਕਹਿਣ ਲਈ ਤਾਂ "ਰੰਗ ਭੂਮੀ ਵਿਚ ਹੈ" ਪਰੰਤੂ ਇਸ ਨੂੰ ਆਪਣੇ ਵਿਰੋਧੀਆਂ ਤੋਂ ਕਿਸੇ ਗੁੰਜਾਇਸ਼ ਦੀ ਆਸ ਨਹੀਂ ਹੈ। ਦੂਜੀਆਂ ਸੰਸਥਾਵਾਂ ਰਾਜ ਦੇ ਨਾਲ ਚੰਗੀ ਤਰ੍ਹਾਂ ਨਹੀਂ ਜੁੜੀਆਂ ਹੋਈਆਂ ਹਨ ਅਤੇ ਫਿਰ ਵੀ ਰਾਜਨੀਤਕ ਤਾਕਤਾਂ ਆਪਣੇ ਫਾਇਦੇ ਲਈ ਉਨ੍ਹਾਂ ਨੂੰ ਆਪਣੇ ਹਿੱਤਾਂ ਲਈ ਵਰਤੋਂ ਕਰਨ ਲਈ ਅਤਿਅੰਤ ਕੋਸ਼ਿਸ਼ ਕਰਦੀਆਂ ਹਨ। ਐਸ ਜੀ ਪੀ ਸੀ ਪੰਜਾਬ, ਹਿਮਾਚਲ ਅਤੇ ਹਰਿਆਣਾ ਵਿਚ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਣ ਦੇ ਮੰਤਵ ਲਈ 1925 ਵਿਚ ਭਾਰਤ ਵਿਚਲੀ ਅੰਗ੍ਰੇਜ਼ੀ ਸਰਕਾਰ ਦੁਆਰਾ ਇਕ ਕਾਨੂੰਨ ਰਾਹੀਂ ਸਥਾਪਤ ਕੀਤੀ ਗਈ ਸੀ।

ਐਸ ਜੀ ਪੀ ਸੀ, ਮਹੰਤਾਂ - ਜੱਦੀ ਪਾਦਰੀਆਂ, ਜਾਂ ਕਹਿ ਲਓ "ਪ੍ਰਾਈਵੇਟ ਪ੍ਰੈਕਟੀਸ਼ਨਰਾਂ" - ਜਿਹੜੇ ਸਿੱਖ ਧਾਰਮਕ ਸਥਾਨਾਂ ਦੀ ਆਪਣੇ

ਫਾਇਦੇ ਲਈ ਵਰਤੋਂ ਕਰਦੇ ਅਤੇ ਇਨ੍ਹਾਂ ਨੂੰ ਆਪਣੇ ਕੰਟ੍ਰੋਲ ਹੇਠ ਰੱਖਣ ਲਈ ਬ੍ਰਿਟਿਸ਼ ਸਰਕਾਰ ਦੀ ਸਰਪ੍ਰਸਤੀ ਲੈਂਦੇ ਸਨ, ਪਾਸੋਂ ਇਨ੍ਹਾਂ ਧਾਰਮਿਕ ਸਥਾਨਾਂ ਨੂੰ ਖਾਲੀ ਕਰਾਉਣ ਲਈ 13 ਸਾਲਾਂ ਦੀ ਜੱਦੋ-ਜਹਿਦ ਦੇ ਸਿੱਟੇ ਵਜੋਂ ਹੋਂਦ ਵਿਚ ਆਈ। ਇਹ ਜੱਦੋ-ਜਹਿਦ ਜੈਤੋ ਦੇ ਮੋਰਚੇ ਵਿਚ ਜ਼ੋਰਾਂ ਤੇ ਸੀ ਜਿਸ ਵਿਚ 150 ਅੰਦੋਲਨਕਾਰੀਆਂ ਨੂੰ ਮਾਰ ਦਿੱਤਾ ਗਿਆ ਸੀ। ਇਸ ਖ਼ੂਨੀ ਸਾਕੇ ਨੇ ਸਰਕਾਰ ਦੇ ਰਵੱਈਏ ਵਿਚ ਤਬਦੀਲੀ ਲਿਆਂਦੀ ਅਤੇ ਪੰਜਾਬ ਦੇ ਗੁਰਦੁਆਰਿਆਂ ਦਾ ਪ੍ਰਬੰਧ 155 ਚੁਣੇ ਹੋਏ ਸਿੱਖ ਪ੍ਰਤਿਨਿਧਾਂ ਦੀ ਸੰਸਥਾ ਦੇ ਹੱਥਾਂ ਵਿਚ ਦੇਣ ਲਈ ਇਕ ਕਾਨੂੰਨ ਬਣਾਇਆ ਗਿਆ। ਇਸ ਸੰਸਥਾ ਦੇ 50 ਦੋਹਰੇ ਹਲਕਿਆਂ (ਦਿਹਾਤੀ ਅਤੇ ਸ਼ਹਿਰੀ) ਸਮੇਤ 120 ਚੋਣ ਹਲਕੇ ਹਨ ਅਤੇ 15 ਅਹੁਦੇ ਦੇ ਆਧਾਰ ਤੇ ਇਸ ਦੇ ਮੈਂਬਰ ਹੁੰਦੇ ਹਨ। ਇਸ ਸੰਸਥਾ ਦੀਆਂ ਚੋਣਾਂ ਸਰਕਾਰ ਦੁਆਰਾ ਕਰਵਾਈਆਂ ਜਾਂਦੀਆਂ ਹਨ।

ਇਸ ਦਾ ਇਤਿਹਾਸ ਦੱਸਦਾ ਹੈ ਕਿ ਇਸ ਵਿਚ ਜ਼ਿਆਦਾਤਰ ਐਸ ਜੀ ਪੀ ਸੀ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਰਲਮਿਲ ਕੇ ਇਕ ਦੂਜੇ ਦੇ ਸਹਾਰੇ ਕੰਮ ਕੀਤਾ ਹੈ। ਸੰਕਟਕਾਲ ਤੋਂ, ਜਦੋਂ ਸਰਕਾਰ ਦਾ ਸ਼੍ਰੋਮਣੀ ਅਕਾਲੀ ਦਲ ਨਾਲ ਟਾਕਰਾ ਹੋ ਗਿਆ, ਐਸ ਜੀ ਪੀ ਸੀ ਨੂੰ ਕਾਂਗਰਸ ਦੇ ਹਿੱਤਾਂ ਲਈ ਕੰਮ ਕਰਨ ਵਾਲੀ ਸੰਸਥਾ ਬਣਾਉਣ ਲਈ ਜਾਂ ਜੇਕਰ ਇਹ ਸੰਭਵ ਨਹੀਂ ਤਾਂ ਇਸ ਨੂੰ ਸਿੱਖਾਂ ਦੇ ਹਿੱਤਾਂ ਦੀ ਰਾਖੀ ਕਰਨ ਤੋਂ ਰੋਕਣ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਚਾਹੇ ਐਸ ਜੀ ਪੀ ਸੀ ਦੇ ਸੰਵਿਧਾਨ ਵਿਚ ਇਹ ਨਿਸ਼ਚਿਤ ਹੈ ਕਿ ਇਸ ਦੇ ਜਨਰਲ ਹਾਊਸ ਦੀਆਂ ਚੋਣਾਂ ਪੰਜ ਸਾਲਾਂ ਬਾਅਦ ਕਰਵਾਈਆਂ ਜਾਣੀਆਂ ਹੁੰਦੀਆਂ ਹਨ ਲੇਕਿਨ ਇਨ੍ਹਾਂ ਨੂੰ ਵਾਰ-ਵਾਰ ਲਮਕਾਈ ਰਖਿਆ, ਅੱਗੇ ਪਾਇਆ ਜਾਂਦਾ ਰਿਹਾ ਜਾਂ ਨਾ ਕਰਵਾਈਆਂ ਜਾਂਦੀਆਂ ਰਹੀਆਂ। ਐਸ ਜੀ ਪੀ ਸੀ ਦੀ ਪਿਛਲੀ ਚੋਣ ਅਕਤੂਬਰ, 1996 ਵਿਚ ਹੋਈ ਸੀ; ਇਸ ਤੋਂ ਪਹਿਲਾਂ ਇਹ ਚੋਣ 1979 ਵਿਚ ਹੋਈ ਸੀ ਅਤੇ ਉਸ ਤੋਂ ਪਹਿਲਾਂ ਇਹ 1950 ਤੋਂ ਪਹਿਲਾਂ ਹੋਈ ਸੀ। ਐਸ ਜੀ ਪੀ ਸੀ ਸਿਰਫ ਸਿੱਖਾਂ ਦੀਆਂ ਅਹਿਮ ਧਾਰਮਿਕ ਥਾਵਾਂ - ਇਤਿਹਾਸਕ ਮਹੱਤਤਾ ਵਾਲੇ ਗੁਰਦੁਆਰੇ ਹੀ ਆਪਣੇ ਅਧਿਕਾਰ ਹੇਠ ਲੈ ਸਕੀ। ਪਰੰਤੂ ਸੰਪ੍ਰਦਾਇ ਦੇ ਗੁਰਦੁਆਰੇ, ਧਰਮ ਦੇ "ਪੈਰਿਸ਼ ਚਰਚਿਜ਼" ਵੀ ਸਿੱਖ ਗੁਰਦੁਆਰਾ ਐਕਟ ਅਧੀਨ ਆਉਂਦੇ ਸਨ, ਜਿਸ ਅਧੀਨ ਇਹ ਨਿਸ਼ਚਿਤ ਕੀਤਾ ਗਿਆ ਸੀ ਕਿ ਉਨ੍ਹਾਂ ਦੀਆਂ ਪ੍ਰਬੰਧਕ ਕਮੇਟੀਆਂ ਹਰ ਪੰਜ ਸਾਲਾਂ ਬਾਅਦ ਚੁਣੀਆਂ ਜਾਣਗੀਆਂ ਅਤੇ ਇਨ੍ਹਾਂ ਦੀਆਂ ਚੋਣਾਂ ਵਿਚ ਵੀ ਕੇਂਦਰੀ ਅਤੇ ਰਾਜ ਸਰਕਾਰਾਂ ਦਾ ਹੱਥ ਹੋਵੇਗਾ। ਇਹ ਹੇਠਲੇ ਦਰਜੇ ਦੀਆਂ ਸਾਧਾਰਣ ਚੋਣਾਂ ਸਰਕਾਰੀ ਆਗਿਆ ਤੋਂ ਬਿਨਾਂ ਨਹੀਂ ਹੋ ਸਕਦੀਆਂ। 31 ਸਾਲਾਂ ਤਕ ਕੇਂਦਰੀ ਅਤੇ ਰਾਜ ਸਰਕਾਰ ਨੇ ਇਨ੍ਹਾਂ ਦੀ ਆਗਿਆ ਨਹੀਂ ਦਿੱਤੀ। ਅਗਸਤ, 1996 ਵਿਚ ਇਕ ਅਕਾਲੀ ਐਮ.ਪੀ.

ਮੇਜਰ ਸਿੰਘ ਉਬੋਕੇ ਦੁਆਰਾ ਦਾਇਰ ਕੀਤੀ ਗਈ ਇਕ ਪੈਟੀਸ਼ਨ ਦੇ ਜਵਾਬ ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਕੇਂਦਰੀ ਅਤੇ ਰਾਜ ਸਰਕਾਰਾਂ ਨੂੰ ਪੰਜਾਬ ਵਿਚ 700 ਅਤੇ ਹਰਿਆਣਾ ਵਿਚ 300 ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਦੀਆਂ ਚੋਣਾਂ ਕਰਵਾਉਣ ਦੀ ਹਿਦਾਇਤ ਕੀਤੀ - ਇਹ ਚੋਣ 1965 ਤੋਂ ਬਾਅਦ ਪਹਿਲੀ ਸੀ। ਅਦਾਲਤ ਨੇ ਹੁਕਮ ਦਿੱਤਾ ਕਿ ਇਹ ਚੋਣਾਂ ਐਸ ਜੀ ਪੀ ਸੀ ਦੀਆਂ ਚੋਣਾਂ ਤੋਂ ਇਕ ਹਫ਼ਤੇ ਤੋਂ ਪਹਿਲਾਂ ਪਹਿਲਾਂ ਕਰਵਾਈਆਂ ਜਾਣ।

ਐਸ ਜੀ ਪੀ ਸੀ ਦੀਆਂ ਚੋਣਾਂ, ਕਾਰਜ-ਪ੍ਰਣਾਲੀ ਵਿਚ ਰੁਕਾਵਟਾਂ ਅਤੇ ਸਰਕਾਰੀ ਢਿੱਲ ਕਾਰਣ ਕਈ ਸਾਲਾਂ ਬਾਅਦ ਕਰਵਾਈਆਂ ਗਈਆਂ। ਉਹ ਵੀ ਜਦੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਚੋਣਾਂ ਕਰਵਾਉਣ ਦਾ ਹੁਕਮ ਦਿੱਤਾ।

ਹਾਈ ਕੋਰਟ ਨੇ ਕੇਂਦਰ ਸਰਕਾਰ ਨੂੰ ਹੁਕਮ ਦਿੱਤਾ ਕਿ ਉਹ 28 ਫਰਵਰੀ, 1995 ਤਕ ਚੋਣਾਂ ਕਰਵਾਏ। ਇਸਦੀ ਬਜਾਏ, ਕੇਂਦਰ ਸਰਕਾਰ ਨੇ ਜੁਲਾਈ 21, 1995 ਨੂੰ ਅਦਾਲਤ ਨੂੰ ਹੋਰ ਸਮਾਂ ਦੇਣ ਲਈ ਬੇਨਤੀ ਕੀਤੀ - 18 ਮਹੀਨੇ ਹੋਰ ਮੰਗੇ। ਇਸ ਨੇ ਕੋਰਟ ਦੇ ਪਹਿਲੇ ਹੁਕਮਾਂ ਦੀ ਪਾਲਣਾ ਨਾ ਕਰਨ ਦਾ ਕਾਰਣ "ਹਾਲਾਤ ਕੰਟ੍ਰੋਲ ਤੋਂ ਬਾਹਰ" ਦੱਸਿਆ। ਚੀਫ਼ ਕਮਿਸ਼ਨਰ (ਗੁਰਦੁਆਰਾ ਚੋਣਾਂ) ਜਸਟਿਸ ਹਰਬੰਸ ਸਿੰਘ (ਰਿਟਾਇਰਡ) ਕੋਲ ਚੋਣ ਵਿਧੀ ਦੀ ਆਰਜ਼ੀ ਸੂਚੀ ਪੇਸ਼ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ ਜਿਸ ਵਿਚ ਆਖਰ ਇਹ ਰਾਏ ਜ਼ਾਹਰ ਕੀਤੀ ਗਈ ਕਿ ਅਕਤੂਬਰ, 1996 ਤੋਂ ਪਹਿਲਾਂ ਗੁਰਦੁਆਰਾ ਚੋਣਾਂ ਕਰਵਾਉਣਾ ਸੰਭਵ ਨਹੀਂ ਹੋਵੇਗਾ - ਇਹ ਸਮਾਂ ਅੱਗੇ ਹੋਰ ਦੇਰੀ ਲਈ ਬਹਾਨੇ ਲੱਭਣ ਲਈ ਕਾਫੀ ਸੀ।

ਏਨੇ ਵਿਚ, ਆਪਣੇ ਵੱਡੇ-ਵਡੇਰਿਆਂ ਦੇ ਰਾਹ ਤੇ ਚੱਲਣ ਨਾਲ ਐਸ ਜੀ ਪੀ ਸੀ ਦੀ ਮੈਂਬਰਸ਼ਿਪ ਲਗਭਗ 90 ਤੋਂ ਥੱਲੇ ਆ ਗਈ। ਐਸ ਜੀ ਪੀ ਸੀ ਦਾ ਅੱਸੀਆਂ ਨੇੜੇ ਪਹੁੰਚਿਆ ਪ੍ਰਧਾਨ ਜੀ.ਐਸ. ਟੌਹੜਾ ਫਿਰ ਵੀ ਬਹੁਤ ਅੱਛੀ ਸਿਹਤ ਮਾਣ ਰਿਹਾ ਹੈ। ਅਗਰ ਐਸ ਜੀ ਪੀ ਸੀ ਦੀਆਂ ਚੋਣਾਂ ਇਕ ਸਦੀ ਹੋਰ ਅੱਗੇ ਪਾ ਦਿੱਤੀਆਂ ਜਾਣ ਤਾਂ ਇਸ ਦੇ ਮੈਂਬਰ ਏਨੇ ਦੁਰਬਲ ਹੋ ਜਾਣਗੇ ਕਿ ਉਹ ਚਲ ਫਿਰ ਨਾ ਸਕਣਗੇ ਲੇਕਿਨ ਟੌਹੜਾ ਜੀ ਦੀ ਸਿਹਤ ਤੇ ਕੋਈ ਅਸਰ ਨਹੀਂ ਪਵੇਗਾ ਉਹ ਅਜੇ ਵੀ ਆਪਣੇ ਘੋੜੇ ਉਸੇ ਤਰ੍ਹਾਂ ਦੁੜਾ ਰਹੇ ਹਨ। ਉਹ ਲਗਾਤਾਰ 25 ਵਾਰ ਐਸ ਜੀ ਪੀ ਸੀ ਦੇ ਪ੍ਰਧਾਨ ਚੁਣੇ ਗਏ ਹਨ।

ਕਿਸੇ ਵੀ ਅਕਾਲੀ ਸਰਕਾਰ ਨੂੰ ਆਪਣੇ ਪੰਜ ਸਾਲ ਕੱਟਣ ਨਹੀਂ ਦਿੱਤੇ ਗਏ। ਨਾ ਹੀ ਸਰਕਾਰ ਤੋੜਨ ਦੇ ਮਾਮਲੇ ਵਿਚ ਕੋਈ ਸ਼ੰਕਾ ਹੀ ਪੈਦਾ ਹੋਈ। ਉਨ੍ਹਾਂ ਦੇ ਵਿਰੋਧੀ, ਕਾਨੂੰਨ ਅਤੇ ਵਿਵਸਥਾ ਦੀ ਸਮੱਸਿਆ ਖੜ੍ਹੀ ਕਰਨ ਜਾਂ ਵਿਧਾਨਕਾਰਾਂ ਨੂੰ ਵਰਗਲਾਉਣ ਜਾਂ ਉਨ੍ਹਾਂ ਨੂੰ ਬਾਹਰ ਜਾਣ ਲਈ ਕਹਿਣ (ਜਿਵੇਂ 1979 ਵਿਚ ਇੰਦਰਾ ਗਾਂਧੀ ਨੇ ਕੀਤਾ) ਤੋਂ ਨਹੀਂ ਝਿਜਕੇ। ਚੋਣਾਂ ਅੱਗੇ ਪਾ

ਦਿੱਤੀਆਂ ਗਈਆਂ ਅਤੇ ਉਮੀਦਵਾਰ ਮਾਰ ਦਿੱਤੇ ਗਏ, ਹੇਰਾ-ਫੇਰੀ ਦਾ ਹਰੇਕ ਢੰਗ ਵਰਤਿਆ ਗਿਆ। ਐਸ ਜੀ ਪੀ ਸੀ ਦੇ ਪ੍ਰਧਾਨ ਨੂੰ ਕਿਸੇ ਵਜ੍ਹਾ ਕਰਕੇ ਇਸ ਤੋਂ ਛੋਟ ਦਿੱਤੀ ਗਈ ਅਤੇ ਉਹ ਦੋ ਦਹਾਕਿਆਂ ਤੋਂ ਵੱਧ ਸਮਾਂ ਬਿਨਾਂ ਕਿਸੇ ਵਿਘਨ ਦੇ ਕੰਮ ਕਰਦਾ ਰਿਹਾ।

1984 ਵਿਚ ਜਦੋਂ ਹਰਿਮੰਦਰ ਸਾਹਿਬ, ਅਕਾਲ ਤਖ਼ਤ ਅਤੇ 74 ਹੋਰ ਇਤਿਹਾਸਕ ਗੁਰਦੁਆਰਿਆਂ ਤੇ ਹਮਲਾ ਕੀਤਾ ਗਿਆ ਸੀ ਤਾਂ ਉਦੋਂ ਕਾਂਗਰਸੀ ਐਮ.ਪੀਜ਼. ਅਮਰਿੰਦਰ ਸਿੰਘ ਅਤੇ ਦਵਿੰਦਰ ਸਿੰਘ ਗਰਚਾ ਨੇ ਵੀ ਆਪਣੀ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਸੀ ਅਤੇ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਸਨ। ਭਗਤ ਪੂਰਨ ਸਿੰਘ, ਸਿੱਖਾਂ ਵਿਚ ਇਕ ਮਹਾਨ ਹਸਤੀ, ਜਿਸ ਨੇ ਮਜ਼ਲੂਮਾਂ ਦੀ ਰਾਖੀ ਲਈ ਆਪਣਾ ਜੀਵਨ ਨਿਛਾਵਰ ਕਰ ਦਿੱਤਾ ਸੀ, ਨੇ ਵੀ ਪਦਮ ਸ਼੍ਰੀ ਐਵਾਰਡ ਵਾਪਸ ਕਰ ਦਿੱਤਾ ਸੀ। ਇਸੇ ਤਰ੍ਹਾਂ, ਲਿਖਾਰੀ ਖੁਸ਼ਵੰਤ ਸਿੰਘ ਨੇ ਕੀਤਾ। ਫੌਜੀ ਅਫ਼ਸਰਾਂ ਨੇ ਆਪਣੇ ਮੈਡਲ ਮੋੜ ਦਿੱਤੇ।

ਐਸ ਜੀ ਪੀ ਸੀ ਦਾ ਪ੍ਰਧਾਨ ਫਿਰ ਵੀ ਆਪਣੇ ਅਹੁਦੇ ਨੂੰ ਚਿੰਬੜੇ ਰਿਹਾ। ਬਾਅਦ ਵਿਚ, ਉਸਨੇ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਅਤੇ ਕੇਂਦਰੀ ਗ੍ਰਿਹ ਮੰਤਰੀ ਬੂਟਾ ਸਿੰਘ, ਜਿਨ੍ਹਾਂ ਨੂੰ ਓਪਰੇਸ਼ਨ ਬਲਿਊਸਟਾਰ ਵਿਚ ਉਨ੍ਹਾਂ ਦਾ ਹੱਥ ਹੋਣ ਕਰਕੇ ਸਿੱਖ ਪੰਥ ਵਿਚੋਂ ਛੇਕਿਆ ਗਿਆ ਸੀ, ਨੂੰ ਮਾਫੀ ਦਿਵਾਉਣ ਲਈ ਸੰਤਾਂ ਵਾਲੀ ਸਹਿਣਸ਼ੀਲਤਾ ਦਾ ਵਿਖਾਲਾ ਕੀਤਾ। ਟੌਹੜਾ ਸਾਹਿਬ ਨੇ ਉਨ੍ਹਾਂ ਨੂੰ ਮੁਆਫ਼ ਕਰਨ ਲਈ ਅਕਾਲ ਤਖ਼ਤ ਦੇ ਜੱਥੇਦਾਰ ਕੋਲ ਪੈਰਵੀ ਕੀਤੀ।

ਕੋਈ ਕਿਸੇ ਉਸ ਵਿਅਕਤੀ ਨੂੰ ਮੁਆਫੀ ਦੇਣ, ਜਿਸ ਨੇ ਸਿੱਖ ਧਰਮ ਵਿਰੁੱਧ ਅਪਰਾਧ ਕੀਤਾ ਹੋਵੇ, ਅਕਾਲ ਤਖ਼ਤ ਦੇ ਅਧਿਕਾਰ ਤੇ ਇਤਰਾਜ਼ ਨਹੀਂ ਕਰ ਸਕਦਾ ਪਰੰਤੂ ਜਦੋਂ ਉਸ ਨੂੰ ਇਹ ਚੇਤੇ ਆਉਂਦਾ ਹੈ ਕਿ ਦਰਬਾਰ ਸਾਹਿਬ ਅਤੇ ਹੋਰ ਗੁਰਦੁਆਰਿਆਂ ਤੇ ਹਮਲੇ ਦੇ ਸਿੱਟੇ ਵਜੋਂ ਹਜ਼ਾਰਾਂ ਸਿੱਖਾਂ ਦੀ ਮੌਤ ਹੋ ਗਈ - ਜਿਹੜੇ ਕਾਨੂੰਨ ਰਾਹੀਂ ਸਜ਼ਾ ਦੇਣਯੋਗ ਕਤਲ ਸਨ - ਤਾਂ ਕੀ ਅਕਾਲ ਤਖ਼ਤ ਨੂੰ, ਅਦਾਲਤਾਂ ਦੀਆਂ ਸ਼ਕਤੀਆਂ ਹਥਿਆਉਣ ਅਤੇ ਇਨ੍ਹਾਂ ਲੋਕਾਂ ਨੂੰ ਬਰੀ ਕਰਨ, ਜਿਨ੍ਹਾਂ ਦਾ ਇਨ੍ਹਾਂ ਕਤਲਾਂ ਵਿਚ ਹੱਥ ਹੋਵੇ, ਦਾ ਕੀ ਹੱਕ ਹੈ?

ਬਾਅਦ ਵਿਚ, ਜਦੋਂ ਅਕਾਲੀ ਦਲ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ (ਓਪਰੇਸ਼ਨ ਬਲੈਕਥੰਡਰ ਦਾ ਮੋਹਰੀ) ਨੇ ਕੇਂਦਰੀ ਸਰਕਾਰ ਦੇ ਦਬਾਓ ਵਿਚ ਆ ਕੇ ਦਰਬਾਰ ਸਾਹਿਬ ਤੇ ਹਮਲਾ ਕਰਵਾਇਆ, ਤਾਂ ਪਰਕਾਸ਼ ਸਿੰਘ ਬਾਦਲ ਅਤੇ ਅਮਰਿੰਦਰ ਸਿੰਘ ਦੀ ਅਗਵਾਈ ਵਿਚ, 27 ਐਮ ਐਲ ਏਜ਼ ਨੇ ਇਕੱਠਿਆਂ ਅਸਤੀਫੇ ਦੇ ਦਿੱਤੇ। ਟੌਹੜਾ ਇਹ ਯਕੀਨੀ ਬਣਾਉਣ ਲਈ ਕੁਝ ਚਿਰ ਚੁੱਪ ਰਿਹਾ, ਕਿਉਂਕਿ ਉਸ ਦੇ ਬੰਦਿਆਂ ਨੂੰ ਬਰਨਾਲਾ ਮੰਤਰੀ-ਮੰਡਲ ਵਿਚ ਲਿਆ ਗਿਆ ਸੀ ਅਤੇ ਫਿਰ ਉਹ ਵੀ ਰੋਸ ਪ੍ਰਗਟ ਕਰਨ

ਵਾਲਿਆਂ ਨਾਲ ਰਲ ਗਿਆ। ਬਾਅਦ ਵਿਚ, ਬਰਨਾਲਾ ਨੂੰ ਵੀ ਜੀ.ਐਸ. ਟੌਹੜਾ ਦੇ ਹੁਕਮ ਨਾਲ ਮੁਆਫ਼ ਕਰ ਦਿੱਤਾ ਗਿਆ। ਜਦ ਕਿ ਹਰਿਮੰਦਰ ਸਾਹਿਬ ਤੇ ਹਮਲੇ ਵਿਰੁੱਧ ਰੋਸ ਵਜੋਂ ਵਿਧਾਨਕਾਰਾਂ ਨੇ ਅਸਤੀਫੇ ਦੇ ਦਿੱਤੇ ਤਾਂ ਐਸ ਜੀ ਪੀ ਸੀ ਦਾ ਪ੍ਰਧਾਨ ਜਿਹੜਾ ਧਾਰਮਿਕ ਸਥਾਨਾਂ ਦੀ ਪਵਿੱਤਰਤਾ ਕਾਇਮ ਰੱਖਣ ਲਈ ਜ਼ਿੰਮੇਵਾਰ ਸੀ, ਨੇ ਅਸਤੀਫ਼ਾ ਨਹੀਂ ਦਿੱਤਾ।

ਉਸ ਨੇ 1984 ਵਿਚ ਵੀ ਅਸਤੀਫ਼ਾ ਨਹੀਂ ਦਿੱਤਾ ਜਦੋਂ ਦਰਬਾਰ ਸਾਹਿਬ ਹਮਲਾ ਕਰਕੇ ਤਬਾਹ ਕਰ ਦਿੱਤਾ ਗਿਆ ਸੀ। ਉਸ ਨੇ 1986 ਵਿਚ ਵੀ ਅਸਤੀਫ਼ਾ ਨਹੀਂ ਦਿੱਤਾ ਜਦੋਂ ਦਰਬਾਰ ਸਾਹਿਬ ਤੇ ਫਿਰ ਹਮਲਾ ਕੀਤਾ ਗਿਆ ਸੀ। 1991 ਵਿਚ ਅਕਾਲੀਆਂ ਅਤੇ ਹੋਰ ਪ੍ਰਸਿੱਧ ਸਿੱਖ ਸੰਸਥਾਵਾਂ ਰਾਜ ਵਿਚ ਹੋ ਰਹੇ ਜ਼ੁਲਮ ਨੂੰ ਘਟਾਉਣ ਦਾ ਕੋਈ ਹੱਲ ਲੱਭਣ ਅਤੇ ਅਸੈਂਬਲੀ ਚੋਣ ਵਿਚ ਸਿੱਖਾਂ ਦਾ ਹਿੱਸਾ ਲੈਣ ਦੀ ਉਚਿੱਤਤਾ ਤੇ ਵਿਚਾਰ ਕਰਨ ਲਈ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਇਕੱਤਰ ਹੋਈਆਂ। ਕੇਸਗੜ੍ਹ ਸਾਹਿਬ ਦੇ ਉਸ ਸਮੇਂ ਦੇ ਜੱਥੇਦਾਰ ਭਾਈ ਮਨਜੀਤ ਸਿੰਘ ਦੀ ਮੌਜੂਦਗੀ ਵਿਚ ਜੀ.ਐਸ. ਟੌਹੜਾ ਨੇ ਖੜ੍ਹਾ ਹੋ ਕੇ ਦੋਵੇਂ ਹੱਥ ਜੋੜ ਕੇ ਗੁਰੂ ਗ੍ਰੰਥ ਸਾਹਿਬ ਵਲ ਮੂੰਹ ਕਰਕੇ ਕਿਹਾ: "ਮੈਂ ਸਹੁੰ ਖਾਂਦਾ ਹਾਂ ਕਿ ਅਗੇ ਤੋਂ ਕੋਈ ਚੋਣ ਨਹੀਂ ਲੜਾਂਗਾ, ਨਾ ਹੀ ਐਸ ਜੀ ਪੀ ਸੀ ਦੀ ਜਾਂ ਕਿਸੇ ਹੋਰ ਛੋਟੇ-ਮੋਟੇ ਅਹੁਦੇ ਲਈ," ਉਸ ਨੇ ਡਰਾਮਈ ਢੰਗ ਵਿਚ ਇਹ ਐਲਾਨ ਕੀਤਾ। ਇਸ ਨੇ ਉਸ ਵੇਲੇ ਬਿਜਲਈ ਪ੍ਰਭਾਵ ਦਿੱਤਾ - ਪਰੰਤੂ ਉਸਨੇ ਅਸਤੀਫ਼ਾ ਵੀ ਨਹੀਂ ਦਿੱਤਾ ਅਤੇ ਕੁਝ ਮਹੀਨਿਆਂ ਵਿਚ ਐਸ ਜੀ ਪੀ ਸੀ ਦੀ ਚੋਣ ਦੁਬਾਰਾ ਲੜੀ। ਭਾਈ ਮਨਜੀਤ ਸਿੰਘ ਇਸ ਪਵਿੱਤਰ ਪ੍ਰਤਿਗਿਆ ਨੂੰ ਤੋੜੇ ਜਾਣ ਬਾਰੇ ਚੁੱਪ ਸਾਧੀ ਬੈਠੇ ਰਹੇ ਅਤੇ ਦਿਲਚਸਪ ਗੱਲ ਇਹ ਹੈ ਕਿ ਅਕਾਲ ਤਖ਼ਤ ਦੇ ਜੱਥੇਦਾਰ ਨੇ ਟੌਹੜਾ ਜਾਂ ਮਨਜੀਤ ਸਿੰਘ ਨੂੰ ਕਦੀ ਇਕ ਪ੍ਰਸ਼ਨ ਵੀ ਨਹੀਂ ਪੁੱਛਿਆ ਗਿਆ।

ਟੌਹੜਾ ਨੇ ਸਿਆਸੀ ਤੌਰ ਤੇ ਆਪਣਾ ਬੁਨਿਆਦੀ ਪ੍ਰਭਾਵ ਬਣਾਉਣ ਦੀ ਵਿਉਂਤ ਬਣਾਈ ਅਤੇ ਛੋਟੇ ਕਿਸਾਨਾਂ, ਜਿਹੜੇ ਅਕਾਲੀਆਂ ਦੀ ਰੀੜ੍ਹ ਦੀ ਹੱਡੀ ਹਨ ਅਤੇ ਉਸੇ ਪਾਰਟੀ ਵਿਚ ਬਾਦਲ ਦੇ ਮੁਕਾਬਲੇ ਸਿੱਖਾਂ ਅੰਦਰ ਇਕ ਛੋਟਾ ਪਰੰਤੂ ਬਹੁਤ ਅਸੂਲਾਂ ਵਾਲਾ ਅੰਸ਼ ਹੈ, ਵਿਚ ਆਪਣਾ ਪ੍ਰਭਾਵ ਕਾਇਮ ਕਰਨਾ ਸ਼ੁਰੂ ਕੀਤਾ। ਪਰੰਤੂ ਦੂਜੇ ਪਾਸੇ ਉਹ ਇਕ ਇਸ ਤਰ੍ਹਾਂ ਦਾ ਨੇਤਾ ਹੈ ਜਿਸ ਉਪਰ ਕਾਂਗਰਸ ਅਤੇ ਕੇਂਦਰ ਸਰਕਾਰ ਨੇ ਜੋ ਕੁਝ ਉਹ ਚਾਹੁੰਦੀਆਂ ਸਨ, ਕਰਵਾਉਣ ਲਈ ਨਿਰਭਰ ਕੀਤਾ। ਕੀ ਇਹ ਆਨੰਦਪੁਰ ਸਾਹਿਬ ਦੇ ਮਤੇ ਨੂੰ ਫਿੱਕਾ ਪਾਉਣਾ ਸੀ, 1984 ਦੇ ਸ਼ੁਰੂ ਵਿਚ ਲੌਂਗੋਵਾਲ ਅਤੇ ਭਿੰਡਰਾਂਵਾਲੇ ਵਿਚਕਾਰ ਪਾੜ ਪਾਉਣਾ ਸੀ, ਜਾਂ ਭਿੰਡਰਾਂਵਾਲੇ ਨੂੰ ਅਕਾਲ ਤਖ਼ਤ ਵੱਲ ਖਿੱਚਣਾ ਸੀ, ਓਪਰੇਸ਼ਨ ਬਲਿਊਸਟਾਰ ਤੇ ਇਕਰਾਰ ਕੀਤੇ ਗਏ ਸਿੱਖ ਵਾਈਟ ਪੇਪਰ ਨੂੰ ਰੋਕਣਾ ਸੀ, ਅਕਾਲੀ ਸਰਕਾਰ ਨੂੰ ਦੋਫਾੜ ਕਰਨਾ ਸੀ, ਐਸ ਜੀ ਪੀ ਸੀ ਦੇ ਪੈਸੇ ਨਾਲ ਸਿੱਖ ਸੰਸਥਾਵਾਂ ਨੂੰ ਕੰਟ੍ਰੋਲ ਕਰਨਾ ਅਤੇ ਸਿੱਖਾਂ ਦੀਆਂ

ਉਮੀਦਾਂ ਤੋਂ ਐਸ ਜੀ ਪੀ ਸੀ ਅਤੇ ਹੋਰ ਸਿੱਖੀ ਸੰਸਥਾਵਾਂ ਨੂੰ ਅਲੱਗ-ਥਲੱਗ ਕਰਨਾ ਸੀ। ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਕੇਂਦਰ ਸਰਕਾਰ ਦੇ ਐਸ ਜੀ ਪੀ ਸੀ ਵਿਰੁੱਧ ਨਿੰਦਾ ਭਰੇ ਰਵੱਈਏ ਦੇ ਬਾਵਜੂਦ ਉਸ (ਟੌਹੜਾ) ਦਾ ਪੰਜਾਬ ਦੇ ਕਾਂਗਰਸੀ ਮੁੱਖ ਮੰਤਰੀਆਂ ਅਤੇ ਸੂਬੇ ਦੇ ਰਾਜਪਾਲਾਂ ਦੁਆਰਾ ਹਮੇਸ਼ਾਂ ਸਨਮਾਨ ਕੀਤਾ ਜਾਂਦਾ ਰਿਹਾ ਹੈ।

"ਆਪਣੀਆਂ ਸੇਵਾਵਾਂ ਦੇ ਸਦਕੇ" ਟੌਹੜਾ ਅਤੇ ਉਸਦੇ ਗੁਪਤ ਸਾਥੀ ਸਿੱਖ ਖਾੜਕੂਆਂ ਦੇ ਵਿਸ਼ੇਸ਼ ਨਿਸ਼ਾਨੇ ਰਹੇ ਹਨ। ਸਰਕਾਰ ਨੇ ਉਸ ਨੂੰ ਵਿਸ਼ੇਸ਼ ਕਿਸਮ (ਜ਼ੈੱਡ) ਦੀ ਸੁਰੱਖਿਆ ਪ੍ਰਦਾਨ ਕੀਤੀ ਅਤੇ ਉਸਦੀ ਪੰਜਾਬ ਤੋਂ ਇਲਾਵਾ ਸਾਰੇ ਦੇਸ਼ ਦੇ ਰਾਜਾਂ ਵਿਚ ਵੀ ਸੈਂਕੜੇ ਕਮਾਂਡੋਜ਼ ਦੁਆਰਾ ਰੱਖਿਆ ਕੀਤੀ ਗਈ। ਸਿੱਖਾਂ ਅਤੇ ਅਕਾਲੀਆਂ ਅੰਦਰ ਇਹ ਆਮ ਕਿਹਾ ਜਾਣ ਲੱਗਾ ਕਿ ਟੌਹੜਾ ਸਿੱਖਾਂ ਅਤੇ ਅਕਾਲੀਆਂ ਦਾ ਦਿਨੇ ਸਲਾਹਕਾਰ ਹੈ ਅਤੇ ਸਰਕਾਰ ਅਤੇ ਇਸ ਦੀਆਂ ਹੋਰ ਏਜੰਸੀਆਂ ਦਾ ਰਾਤ ਨੂੰ। ਸਹੀ ਦਿਸ਼ਾ ਵਲ ਝਾਤ ਮਾਰਦਿਆਂ ਦੇਖੀਏ ਤਾਂ ਉਹ ਸਿੱਖਾਂ ਅੰਦਰ ਮੂਲ ਸਿਧਾਂਤਾਂ ਨੂੰ ਕੰਟ੍ਰੋਲ ਤੋਂ ਬਾਹਰ ਜਾਣ ਤੋਂ ਰੋਕਣ ਦੇ ਯੋਗ ਰਿਹਾ ਹੈ ਅਤੇ ਉਸ ਨੇ ਸਿੱਖਾਂ ਅੰਦਰ ਸੁਧਾਰਕ ਅੰਦੋਲਨ ਦੀ ਡੱਟ ਕੇ ਮਦਦ ਕੀਤੀ। ਉਸ ਚਾਹੇ ਤਾਕਤ ਨੂੰ ਚਿੰਬੜਿਆ ਰਿਹਾ ਲੇਕਿਨ ਨਿੱਜੀ ਸੰਪਤੀ ਬਣਾਉਣ ਪਿੱਛੇ ਨਹੀਂ ਦੌੜਿਆ। ਉਸ ਤੇ ਗੁਰਦੁਆਰਿਆਂ ਦੇ ਫੰਡਾਂ ਅਤੇ ਸੰਪਤੀ ਦੀ ਕੁਵਰਤੋਂ ਕਰਨ ਦੇ ਦੋਸ਼ ਲੱਗੇ ; ਪਰੰਤੂ ਇਹ ਧਨ, ਕਿਹਾ ਗਿਆ ਹੈ ਕਿ ਉਸ ਨੇ ਆਪਣੇ ਗਰੁੱਪ ਨੂੰ ਮਜ਼ਬੂਤ ਬਣਾਉਣ ਲਈ ਵਰਤਿਆ ਜਦ ਕਿ ਉਸ ਦਾ ਆਪਣਾ ਰਹਿਣ-ਸਹਿਣ ਦਾ ਢੰਗ ਸਾਦਾ ਰਿਹਾ। ਜੇਕਰ ਕੋਈ ਮਨੋਵਿਗਿਆਨੀ ਕਦੀ ਕਿਸੇ ਇਹੋ ਜਿਹੀ "ਰਾਜਨੀਤਕ ਸ਼ਖ਼ਸੀਅਤ" ਬਾਰੇ ਅਧਿਐਨ ਕਰਨਾ ਚਾਹੇ ਜਿਹੜਾ ਨਿੱਜੀ ਫਾਇਦੇ ਉਠਾਉਣ ਤੋਂ ਅਣਭਿੱਜ ਹੋਵੇ, ਤਾਂ ਉਸ ਦੀ ਚੋਣ ਟੌਹੜਾ ਹੋਵੇਗੀ।

ਐਸ ਜੀ ਪੀ ਸੀ ਦਾ ਸਾਲਾਨਾ ਬਜਟ 60 ਕਰੋੜ ਰੁਪਏ ਤੋਂ ਵੱਧ ਹੈ। ਇਹ ਪੈਸਾ ਗੁਰਦੁਆਰਿਆਂ ਦੀ ਦੇਖ-ਰੇਖ, ਸਿੱਖ ਸੰਗਤਾਂ ਦੀ ਭਲਾਈ ਅਤੇ ਧਰਮ ਦਾ ਪ੍ਰਚਾਰ ਕਰਨ ਲਈ ਹੈ। ਸਿੱਖ ਕੌਮ ਦੀ ਭਲਾਈ ਅਤੇ ਧਰਮ ਦੇ ਪ੍ਰਚਾਰ ਤੇ ਨਾਂ-ਮਾਤਰ ਹੀ ਖਰਚਾ ਕੀਤਾ ਗਿਆ ਹੈ। ਪਿਛਲੇ ਹੀ ਸਾਲਾਂ ਦੌਰਾਨ, ਐਸ ਜੀ ਪੀ ਸੀ, ਐਸ ਜੀ ਪੀ ਸੀ (ਭਵਨ ਅਤੇ ਮਾਰਗ) ਵਾਂਗੂੰ ਕੰਮ ਕਰਦੀ ਰਹੀ ਹੈ। ਵਿਸ਼ੇਸ਼ ਕਰਕੇ, ਬਹੁਤ ਸਾਰੇ ਸਿੱਖਾਂ ਦੇ ਉਤਸ਼ਾਹ ਨੂੰ ਦੇਖਦਿਆਂ ਐਸ ਜੀ ਪੀ ਸੀ ਨੇ ਹਰਿਮੰਦਰ ਸਾਹਿਬ, ਦਰਬਾਰ ਸਾਹਿਬ ਕੰਪਲੈਕਸ ਦੀਆਂ ਇਮਾਰਤਾਂ ਅਤੇ ਕਈ ਹੋਰ ਇਤਿਹਾਸਕ ਗੁਰਦੁਆਰਿਆਂ ਦੀਆਂ ਕੰਧਾਂ ਤੇ ਓਪਰੇਸ਼ਨ ਬਲਿਊਸਟਾਰ ਦੌਰਾਨ ਗੋਲੀਆਂ ਨਾਲ ਪਏ ਨਿਸ਼ਾਨਾਂ ਨੂੰ ਮਿਟਾਉਣ ਦਾ ਕੰਮ ਕੀਤਾ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਇਤਨੀ ਕਾਹਲ ਕਰਨਾ ਬਿਲਕੁਲ ਅਣ-ਉਚਿਤ ਸੀ ਅਤੇ ਸ਼ਾਇਦ ਉਨ੍ਹਾਂ ਨੇ ਨਾ ਚਾਹੁੰਦਿਆਂ ਹੋਇਆਂ ਵੀ ਹਮਲਾ ਕਰਨ ਵਾਲਿਆਂ ਨੂੰ ਸਹਿਯੋਗ ਦਿੱਤਾ, ਉਹ ਵੀ ਜਦ ਕਿ ਐਸ ਜੀ

ਪੀ ਸੀ ਦੇ ਦਫਤਰ ਤੋਂ ਕੇਵਲ ਅੱਧੇ ਕਿਲੋਮੀਟਰ ਦੀ ਦੂਰੀ ਤੇ ਜਲਿਆਂਵਾਲੇ ਬਾਗ ਦੀ ਉਦਾਹਰਣ ਉਨ੍ਹਾਂ ਦੇ ਸਾਹਮਣੇ ਸੀ।

ਜੇਕਰ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਕਿਸੇ ਧਾਰਮਿਕ ਇਮਾਰਤ ਤੇ ਲੜਾਈ ਦੇ ਨਿਸ਼ਾਨਾਂ ਨੂੰ ਰਹਿਣ ਦੇਣਾ ਅਣ-ਉਚਿਤ ਹੈ, ਤਾਂ ਐਸ ਜੀ ਪੀ ਸੀ ਦਾ ਧਿਆਨ ਜੈਰੁਸਲੇਮ ਵਿਚ ਵੇਲਿੰਗ ਵਾਲ, ਸੁਲੇਮਾਨ ਮੰਦਰ ਦਾ ਬਚਿਆ-ਖੁਚਿਆ ਹਿੱਸਾ ਅਤੇ ਸੁਲੇਮਾਨ ਧਰਮ ਦੇ ਯਾਤਰੂਆਂ ਦੀ ਇਕ ਥਾਂ ਜਿਥੇ ਰੋਜ਼ਾਨਾ ਹਜ਼ਾਰਾਂ ਲੋਕ ਜਾਂਦੇ ਹਨ, ਵਲ ਦਿਵਾਇਆ ਜਾ ਸਕਦਾ ਹੈ। ਜਾਂ ਨੇੜੇ ਹੀ ਉਹ ਥਾਂ ਜਿਥੇ ਸਿੱਖਾਂ ਨੇ ਫਤਿਹਗੜ੍ਹ ਸਾਹਿਬ ਵਿਖੇ ਉਸ ਕੰਧ ਨੂੰ ਕਾਇਮ ਕਰਕੇ ਰੱਖਿਆ ਹੈ ਜਿਸ ਦੀਆਂ ਨੀਹਾਂ ਵਿਚ ਗੁਰੂ ਗੋਬਿੰਦ ਸਿੰਘ ਦੇ ਦੋ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਚਿਣਵਾਇਆ ਗਿਆ ਸੀ।

ਨੋਟ: "ਬੀ ਐਂਡ ਆਰ" ਲੋਕ ਕਾਰਜ ਵਿਭਾਗ (ਇਮਾਰਤਾਂ ਅਤੇ ਮਾਰਗ) ਦਾ ਹਵਾਲਾ ਦੇਣਾ ਮਖੌਲ ਉਡਾਉਣ ਵਾਲੀ ਗੱਲ ਹੈ।

ਅਕਾਲ ਤਖ਼ਤ ਪਹਿਲਾਂ ਦਿੱਤੇ ਹਵਾਲੇ ਅਨੁਸਾਰ ਇਕ "ਅੱਧੀ" ਸੰਸਥਾ ਹੈ।

ਸਿੱਖਾਂ ਦੇ ਪੰਜ ਤਖ਼ਤ ਹਨ : ਚਾਰ ਦੇਸ਼ ਦੇ ਵੱਖ-ਵੱਖ ਭਾਗਾਂ ਵਿਚ ਹਨ : ਤਖ਼ਤ ਪਟਨਾ ਸਾਹਿਬ ਪੂਰਬ ਵਲ ਬਿਹਾਰ ਵਿਚ ਹੈ; ਤਖ਼ਤ ਹਜ਼ੂਰ ਸਾਹਿਬ ਨੰਦੇੜ, ਮਹਾਰਾਸ਼ਟਰ ਵਿਚ ਹੈ; ਤਖ਼ਤ ਦਮਦਮਾ ਸਾਹਿਬ, ਪੰਜਾਬ ਵਿਚ ਹੈ; ਤਖ਼ਤ ਕੇਸਗੜ੍ਹ ਸਾਹਿਬ ਆਨੰਦਪੁਰ ਸਾਹਿਬ ਉੱਤਰ-ਪੂਰਬੀ ਪੰਜਾਬ ਵਿਚ; ਅਤੇ ਪੰਜਵਾਂ ਸਦੀਵੀ (ਅਕਾਲ) ਤਖ਼ਤ ਹੈ ਅਤੇ ਇਸ ਨੂੰ ਇਸੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਕੰਪਲੈਕਸ ਵਿਚ ਹਰਿਮੰਦਰ ਸਾਹਿਬ ਦੇ ਸਾਹਮਣੇ ਹੈ।

ਹਰ ਤਖ਼ਤ ਦਾ ਮੁੱਖੀ ਇਕ ਜੱਥੇਦਾਰ ਹੁੰਦਾ ਹੈ ਪਰੰਤੂ ਅਕਾਲ ਤਖ਼ਤ ਦਾ ਜੱਥੇਦਾਰ ਪੁਰਾਣੀ ਮਰਿਯਾਦਾ ਤੋਂ ਬਾਕੀ ਤਖ਼ਤਾਂ ਦੇ ਜੱਥੇਦਾਰਾਂ ਵਿਚ ਸ੍ਰੇਸ਼ਟ ਹੈ। ਉਸ ਨੂੰ ਐਸ ਜੀ ਪੀ ਸੀ ਦੁਆਰਾ ਸਿੱਖ ਸੰਸਥਾਵਾਂ ਅਤੇ ਸੈਮੀਨਾਰਾਂ ਦੀ ਰਾਏ ਤੇ ਨਿਯੁਕਤ ਕੀਤਾ ਜਾਂਦਾ ਹੈ। ਉਸ ਦਾ ਕਾਰਜ ਭਾਈਆਂ (ਗ੍ਰੰਥੀਆਂ) ਵਾਲਾ ਨਹੀਂ ਹੈ, ਪਰੰਤੂ ਉਸ ਨੂੰ ਸਿੱਖ ਮਰਿਯਾਦਾ ਦੇ ਮਾਮਲੇ ਵਿਚ ਬਿਲਕੁਲ ਸਵੱਛ ਰਹਿਣੀ ਵਾਲਾ ਅਤੇ ਉਸਨੂੰ ਇਕ ਆਗੂ ਵਾਲੀ ਭੂਮਿਕਾ ਨਿਭਾਉਣੀ ਚਾਹੀਦੀ ਹੈ ਤਾਂ ਕਿ ਉਸ ਸਿੱਖ ਧਾਰਮਿਕ ਅਤੇ ਰਾਜਨੀਤਕ ਮਰਿਯਾਦਾਵਾਂ ਕਾਇਮ ਕਰ ਸਕੇ।

ਰਣਜੀਤ ਸਿੰਘ ਦੇ ਰਾਜ ਤੋਂ ਪਹਿਲਾਂ ਸਿੱਖ 12 ਮਿਸਲਾਂ ਵਿਚ ਸੰਗਠਿਤ ਸਨ (ਮਿਲਟਰੀ ਦੀ ਰੈਜਮੈਂਟ ਦੀ ਤਰ੍ਹਾਂ ਇਕ ਮਿਲਟਰੀ ਸੰਗਠਨ ਜੋ ਕਿ ਸੁਤੰਤਰ ਸੀ)। ਇਹ ਮਿਸਲਾਂ ਦਰਬਾਰ ਸਾਹਿਬ ਵਿਖੇ ਸਾਲ ਵਿਚ ਦੋ ਵਾਰ ਇਕੱਠੀਆਂ ਹੁੰਦੀਆਂ ਸਨ ਅਤੇ ਸਿਆਸਤ ਅਤੇ ਧਰਮ ਨਾਲ ਸਬੰਧਤ ਮਾਮਲਿਆਂ ਤੇ ਫੈਸਲੇ ਲੈਂਦੀਆਂ ਸਨ। ਮਿਸਲ ਦਾ ਸਭ ਤੋਂ ਸੀਨੀਅਰ ਨੇਤਾ ਮੀਟਿੰਗ ਦੀ

ਪ੍ਰਧਾਨਗੀ ਕਰਦਾ ਸੀ। ਰਣਜੀਤ ਸਿੰਘ ਦੇ ਸਮੇਂ ਦੌਰਾਨ ਸ਼ਹੀਦਾਂ ਮਿਸਲ ਦਾ ਮੁੱਖੀ ਬਾਬਾ ਫੂਲਾ ਸਿੰਘ ਅਕਾਲੀ ਨੇ ਅਫਗਾਨਾਂ ਤੋਂ ਅੰਮ੍ਰਿਤਸਰ ਖੋਹ ਲਿਆ ਅਤੇ ਇਥੇ ਇਸ ਮਿਸਲ ਦਾ ਸਦਰ ਮੁਕਾਮ ਕਾਇਮ ਕਰ ਦਿੱਤਾ ਅਤੇ ਅਕਾਲ ਤਖ਼ਤ ਦਾ ਜੱਥੇਦਾਰ ਬਣ ਗਿਆ। 1925 ਤੋਂ ਅਕਾਲ ਤਖ਼ਤ ਦਾ ਜੱਥੇਦਾਰ ਐਸ ਜੀ ਪੀ ਸੀ ਦੁਆਰਾ ਥਾਪਿਆ ਜਾਂਦਾ ਰਿਹਾ ਹੈ। ਅਕਾਲ ਤਖ਼ਤ ਦੇ ਜੱਥੇਦਾਰ ਨੂੰ ਐਸ ਜੀ ਪੀ ਸੀ ਦੇ ਅਧੀਨ ਰੱਖਣ ਅਤੇ ਇਸਦਾ ਤਨਖਾਹਦਾਰ ਕਰਮਚਾਰੀ ਹੋਣ ਕਰਕੇ ਇਸ ਅਹੁਦੇ ਦੀ ਮਰਿਯਾਦਾ ਵਿਚ ਕੋਈ ਸੇਅ ਨਹੀਂ ਰਹੀ ਜਦ ਕਿ ਅਕਾਲ ਤਖ਼ਤ ਦਾ ਜੱਥੇਦਾਰ ਉਹ ਹਸਤੀ ਹੈ ਜਿਹੜੀ ਸਦੀਆਂ ਤੋਂ ਐਸ ਜੀ ਪੀ ਸੀ ਤੋਂ ਉਪਰ ਰਹੀ ਹੈ।

ਸਿੱਖ ਸੰਸਥਾਵਾਂ ਦਾ ਪ੍ਰਬੰਧ ਚਲਾਉਣ ਦੇ ਢੰਗ ਵਿਚ ਤਬਦੀਲੀ ਲਿਆਉਣੀ ਬਹੁਤ ਜ਼ਰੂਰੀ ਹੈ ਇਹ ਵਧੇਰੇ ਲੋਕਤਾਂਤਰਿਕ ਅਤੇ ਇਨ੍ਹਾਂ ਵਿਚ ਸੰਸਾਰ ਭਰ ਵਿਚ ਰਹਿ ਰਹੇ ਸਿੱਖਾਂ ਦੀ ਪ੍ਰਤਿਨਿਧਤਾ ਹੋਣੀ ਚਾਹੀਦੀ ਹੈ ਅਤੇ ਇਹ ਕਿਸੇ ਕਿਸਮ ਦੀ ਰਾਜਨੀਤੀ ਅਤੇ ਸੰਬੱਧਤਾ ਤੋਂ ਮੁਕਤ ਹੋਣੀਆਂ ਚਾਹੀਦੀਆਂ ਹਨ।

ਗੁਰੂ ਗੋਬਿੰਦ ਸਿੰਘ ਨੇ ਸਾਰੀ ਸ਼ਕਤੀ ਗੁਰੂ ਗ੍ਰੰਥ ਸਾਹਿਬ ਅਤੇ ਸੰਗਤ ਦੇ ਹੱਥਾਂ ਵਿਚ ਸੌਂਪੀ ਹੈ। ਸਿੱਖ ਧਰਮ ਹੁਣ 500 ਸਾਲ ਪੁਰਾਣਾ ਹੋ ਗਿਆ ਹੈ - ਇਹ ਇਕ ਅਜਿਹੀ ਸੰਸਥਾ ਹੈ ਜਿਸ ਦੇ ਪਿਛੋਕੜ ਵਲ ਝਾਤ ਮਾਰੀਏ ਤਾਂ ਇਸ ਵਿਚੋਂ ਕਈ ਸਬਕ ਮਿਲਦੇ ਹਨ ਜੋ ਸਹੀ ਵੀ ਹਨ ਅਤੇ ਗਲਤ ਵੀ ਹਨ। ਸਿੱਖਾਂ ਨੇ ਬੰਦਾ ਬਹਾਦਰ ਅਤੇ ਸਿੱਖ ਮਿਸਲਾਂ ਤੋਂ ਕਈ ਸਬਕ ਸਿੱਖੇ ਹਨ। ਹੁਣ ਦਸਵੇਂ ਪਾਤਸ਼ਾਹ ਦੁਆਰਾ ਸਥਾਪਤ ਕੀਤੇ ਗਏ ਲੋਕਤਾਂਤ੍ਰਿਕ ਸਿਧਾਂਤਾਂ ਨੂੰ ਛੋਟੇ ਛੋਟੇ ਧਾਰਮਿਕ ਇਕੱਠਾਂ ਤੋਂ ਪ੍ਰਤਿਨਿਧ ਸੰਸਥਾਵਾਂ ਵਿਚ ਬਦਲਣ ਦਾ ਸਮਾਂ ਆ ਗਿਆ ਹੈ ਜਿਸ ਨਾਲ ਸਿੱਖ ਜ਼ਿਲ੍ਹਾ, ਰਾਜ, ਕੌਮੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਸੰਗਠਿਤ ਹੋਣਗੇ।

ਸਿੱਖ ਮਰਿਯਾਦਾ ਗੁਰੂ ਨਾਨਕ, ਜਿਨ੍ਹਾਂ ਨੇ ਤਿੱਬਤ ਤੋਂ ਸ੍ਰੀ ਲੰਕਾ, ਬਰਮਾ ਤੋਂ ਮੱਕਾ ਅਤੇ ਰੋਮ ਤਕ ਉਦਾਸੀਆਂ ਕੀਤੀਆਂ, ਦੇ ਸਮੇਂ ਤੋਂ ਬਹੁ-ਕੌਮੀ ਵਿਸ਼ੇਸ਼ਤਾ ਰਹੀ ਹੈ। ਲੱਖਾਂ ਸਿੱਖ ਸੰਸਾਰ ਦੇ ਕੋਨੇ ਕੋਨੇ ਵਿਚ ਵਸੇ ਹੋਏ ਹਨ। ਉਨ੍ਹਾਂ ਨੂੰ ਸਿੱਖਾਂ ਦੀਆਂ ਚੁਣੀਆਂ ਹੋਈਆਂ ਪ੍ਰਤਿਨਿਧ ਸੰਸਥਾਵਾਂ ਵਿਚ ਸੁਣਵਾਈ ਦਾ ਅਧਿਕਾਰ ਹੈ। ਇਹ ਉਹ ਲੋਕ ਹਨ ਜਿਹੜੇ ਆਪਣੀ ਹਿੰਮਤ ਨਾਲ ਸੰਸਾਰ ਵਿਚ ਤਾਂ ਸਥਾਪਤ ਹੋ ਗਏ ਪਰੰਤੂ ਤੁਸੀਂ ਦੇਖੋ ਕਿ ਇਨ੍ਹਾਂ ਦਾ ਪੰਜਾਬ ਵਿਚ ਕੀ ਹਾਲ ਹੈ। ਵੱਖ-ਵੱਖ ਪੱਧਰਾਂ ਤੇ ਸਿੱਖਾਂ ਨੂੰ ਪ੍ਰਤਿਨਿਧਤਾ ਦਿਵਾਉਣ ਦੀ ਕੋਸ਼ਿਸ਼ ਵਿਦੇਸ਼ਾਂ ਵਿਚ ਰਹਿ ਰਹੇ ਸਿੱਖਾਂ ਨੂੰ ਵੀ ਸਿੱਖ ਸੋਚ-ਵਿਚਾਰਾਂ ਵਿਚ ਅਵਾਜ਼ ਉਠਾਉਣ ਦਾ ਮੌਕਾ ਦੇਵੇਗੀ।

1984 ਤੋਂ ਅਕਾਲ ਤਖ਼ਤ ਦੇ ਜੱਥੇਦਾਰ ਦੀ ਸੰਸਥਾ ਢਹਿੰਦੀਆਂ ਕਲਾਂ ਵਲ ਗਈ ਹੈ। ਓਪਰੇਸ਼ਨ ਬਲਿਊਸਟਾਰ ਤੋਂ ਤੁਰਤ ਬਾਅਦ ਜੱਥੇਦਾਰ ਕਿਰਪਾਲ ਸਿੰਘ ਦੇ ਸਲੂਕ ਤੋਂ ਅਸੰਤੁਸ਼ਟ ਹੋ ਕੇ ਸਰਬਤ ਖਾਲਸਾ ਦੀ ਮੀਟਿੰਗ ਬੁਲਾਈ

ਗਈ ਅਤੇ ਭਾਈ ਜਸਬੀਰ ਸਿੰਘ ਰੋਡੇ (ਜਰਨੈਲ ਸਿੰਘ ਭਿੰਡਰਾਂਵਾਲੇ ਦਾ ਭਤੀਜਾ) ਨੂੰ ਜੱਥੇਦਾਰ ਥਾਪਿਆ ਗਿਆ ਚਾਹੇ ਉਹ ਉਦੋਂ ਪੁਲਿਸ ਹਿਰਾਸਤ ਵਿਚ ਸੀ। ਉਸ ਨੂੰ ਰਿਹਾਅ ਨਹੀਂ ਕੀਤਾ ਗਿਆ ਜਿਸ ਕਰਕੇ ਉਹ ਪ੍ਰਭਾਵੀ ਨਹੀਂ ਹੋਇਆ। ਉਸ ਨੂੰ ਹਟਾ ਕੇ ਭਾਈ ਦਰਸ਼ਨ ਸਿੰਘ ਰਾਗੀ ਨੂੰ ਕਾਇਮ-ਮੁਕਾਮ ਜੱਥੇਦਾਰ ਥਾਪ ਦਿੱਤਾ ਗਿਆ ਅਤੇ ਬਾਅਦ ਵਿਚ ਐਸ ਜੀ ਪੀ ਸੀ ਨੇ ਉਸ ਦੀ ਪੱਕੇ ਜੱਥੇਦਾਰ ਵਜੋਂ ਪੁਸ਼ਟੀ ਕਰ ਦਿੱਤੀ।

ਰਾਗੀ ਦਰਸ਼ਨ ਸਿੰਘ ਨੂੰ ਵੀ ਅੰਦਰ ਕਰ ਦਿੱਤਾ ਗਿਆ ਅਤੇ ਉਸ ਨੂੰ ਵੀ ਬਹੁਤ ਤੰਗ ਕਰਕੇ ਛੱਡਿਆ ਗਿਆ। ਉਸ ਨੇ ਅਸਤੀਫਾ ਦੇ ਦਿੱਤਾ ਅਤੇ ਉਸ ਤੋਂ ਬਾਅਦ ਕਈ ਮਹੀਨੇ ਤਕ ਅਕਾਲ ਤਖ਼ਤ ਦਾ ਕੋਈ ਜੱਥੇਦਾਰ ਨਹੀਂ ਰਿਹਾ। ਫਿਰ ਗੁਰਦੇਵ ਸਿੰਘ ਕਾਉਂਕੇ, ਜੋ ਕਿ ਪਹਿਲਾਂ ਅਕਾਲ ਤਖ਼ਤ ਦਾ ਐਕਟਿੰਗ ਜੱਥੇਦਾਰ ਰਿਹਾ ਸੀ, ਅਤੇ ਇਕ ਕੱਟੜਪੰਥੀ ਸੀ, ਇਸ ਪਦਵੀ ਲਈ ਬਹੁਤ ਢੁਕਵਾਂ ਸਮਝਿਆ ਗਿਆ। ਉਸ ਨੂੰ ਪੁਲਿਸ ਨੇ ਅਕਾਲ ਤਖ਼ਤ ਦੇ ਜੱਥੇਦਾਰ ਦਾ ਕਾਰਜ ਸੰਭਾਲਣ ਤੋਂ ਰੋਕਣ ਲਈ ਮਾਰ ਹੀ ਦਿੱਤਾ। ਇਸ ਦਾ ਦੋਸ਼ ਐਸ ਐਸ ਪੀ ਸਵਰਨ ਸਿੰਘ ਤੇ ਮੜ੍ਹ ਦਿੱਤਾ ਪਰੰਤੂ ਇਹ ਮੰਨਣਯੋਗ ਨਹੀਂ ਹੈ ਕਿ ਇਸ ਪੱਧਰ ਤੇ ਇਕ ਪੁਲਿਸ ਵਾਲਾ ਇੰਨੇ ਵੱਡੇ ਅਹੁਦੇ ਵਾਲੇ ਸਿੱਖ ਨੂੰ ਆਪਣੇ ਸੀਨੀਅਰ ਅਫ਼ਸਰਾਂ ਦੀ ਹਦਾਇਤ ਤੋਂ ਬਗੈਰ ਮਾਰ-ਮੁਕਾਉਣ ਦਾ ਹੌਂਸਲਾ ਕਰੇ।

ਇਸ ਤੋਂ ਬਾਅਦ, ਜੀ. ਐਸ. ਟੌਹੜਾ ਐਸ ਜੀ ਪੀ ਸੀ ਦੇ ਪ੍ਰਧਾਨ ਨੇ ਭਾਈ ਰਣਜੀਤ ਸਿੰਘ, ਜੋ ਉਦੋਂ ਕਈ ਸਿੱਖਾਂ ਜਿਹੜੇ ਅੰਮ੍ਰਿਤਸਰ ਵਿਖੇ ਨਿਰੰਕਾਰੀਆਂ ਨਾਲ ਝਗੜੇ ਵਿਚ ਮਾਰੇ ਗਏ ਸਨ, ਦਾ ਬਦਲਾ ਲੈਣ ਲਈ ਨਿਰੰਕਾਰੀ ਗੁਰੂ ਦੇ ਕਤਲ ਦੇ ਬਦਲੇ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਸਜ਼ਾ ਭੁਗਤ ਰਿਹਾ ਸੀ, ਦਾ ਨਾਂ ਅਕਾਲ ਤਖ਼ਤ ਲਈ ਪੇਸ਼ ਕੀਤਾ। ਇਸ ਚਾਲ ਨੇ ਟੌਹੜੇ ਦੀ ਚਤੁਰਾਈ ਤੇ ਥੋੜ੍ਹਾ ਪੜਦਾ ਪਾਇਆ। ਖਾੜਕੂ ਭਾਈ ਰਣਜੀਤ ਸਿੰਘ ਦੀ ਨਿਯੁਕਤੀ ਤੇ ਇਤਰਾਜ਼ ਨਾ ਕਰ ਸਕੇ ਲੇਕਿਨ ਭਾਈ ਰਣਜੀਤ ਸਿੰਘ ਇਸ ਅਹੁਦੇ ਦੀ ਜ਼ਿੰਮੇਵਾਰੀ ਵੀ ਨਾ ਨਿਭਾ ਸਕੇ। ਸਚਮੁੱਚ ਉਸ ਦੀ ਸੰਭਾਵੀ ਰਿਹਾਈ ਪੁਲਿਸ ਤੇ ਨਿਰਭਰ ਸੀ।

ਐਸ ਜੀ ਪੀ ਸੀ ਦੇ ਪ੍ਰਧਾਨ ਨੂੰ ਫਿਰ ਕਾਇਮ-ਮੁਕਾਮ ਜੱਥੇਦਾਰ ਨਿਯੁਕਤ ਕਰਨ ਦੀ ਖੁਲ੍ਹ ਮਿਲ ਗਈ। ਉਸ ਦੇ ਮਦਦਗਾਰ ਭਾਈ ਮਨਜੀਤ ਸਿੰਘ - ਗੁਰਮਤ ਕਾਲਜ, ਪਟਿਆਲਾ ਦਾ ਲੈਕਚਰਾਰ, ਜਿਸ ਨੂੰ ਪਹਿਲਾਂ ਟੌਹੜੇ ਨੇ ਆਨੰਦਪੁਰ ਸਾਹਿਬ ਤਖ਼ਤ ਕੇਸਗੜ੍ਹ ਸਾਹਿਬ ਦਾ ਜੱਥੇਦਾਰ ਥਾਪਿਆ ਸੀ, ਨੂੰ ਇਸ ਅਹੁਦੇ ਲਈ ਚੁਣਿਆ। ਭਾਈ ਰਣਜੀਤ ਸਿੰਘ ਨੂੰ 1996 ਵਿਚ ਰਿਹਾ ਕੀਤਾ ਗਿਆ ਅਤੇ ਉਹ ਅਕਾਲ ਤਖ਼ਤ ਦਾ ਜੱਥੇਦਾਰ ਥਾਪੇ ਗਏ। ਜਿਵੇਂ ਉਮੀਦ ਸੀ ਉਹ ਅਕਾਲੀ ਦਲ ਅਤੇ ਐਸ ਜੀ ਪੀ ਸੀ ਦੇ ਦਬਾਓ ਵਿਚ ਘੱਟ ਰਹੇ ਅਤੇ ਅਕਤੂਬਰ, 1997 ਤਕ ਸੁਤੰਤਰ ਤੌਰ ਤੇ ਚੱਲਣ ਦੀ ਪੈਰਵੀ

ਕਰਦੇ ਰਹੇ ਅਤੇ ਜਦੋਂ ਉਨ੍ਹਾਂ ਦੇ ਨਿਰੰਕਾਰੀ ਮੁੱਖੀ ਦੇ ਕਤਲ ਸਬੰਧੀ (ਜਿਸ ਲਈ ਉਹ ਪਹਿਲਾਂ ਹੀ ਪੂਰੀ ਸਜ਼ਾ ਭੁਗਤ ਚੁੱਕੇ ਸਨ) ਫਿਰ ਵਰੰਟ ਕੱਢੇ ਗਏ, ਤਾਂ ਦੂਜੇ ਸ਼ਬਦਾਂ ਵਿਚ ਕਹਿ ਲਉ ਕਿ ਉਸ ਨੂੰ ਆਪਣੇ ਆਜ਼ਾਦ ਚੱਲਣ ਦੀ ਕੀਮਤ ਤਾਰਨੀ ਪਈ।

ਇਹ ਉਮੀਦ ਕੀਤੀ ਜਾਂਦੀ ਹੈ ਕਿ ਭਾਈ ਰਣਜੀਤ ਸਿੰਘ ਨਾਲ ਵੀ ਗੁਰਦੇਵ ਸਿੰਘ ਕਾਉਂਕੇ, ਅਕਾਲ ਤਖ਼ਤ ਦੇ ਸਾਬਕਾ ਕਾਇਮ ਮੁਕਾਮ ਜੱਥੇਦਾਰ, ਜਿਸ ਨੂੰ ਪੁਲਿਸ ਦੁਆਰਾ ਖ਼ਤਮ ਕਰ ਦਿੱਤਾ ਗਿਆ ਸੀ, ਵਾਲਾ ਹੀ ਹਸ਼ਰ ਨਾ ਹੋਵੇ।

ਵਿਸ਼ਵ ਸਿੱਖ ਕੌਂਸਲ[10] : 1984 ਵਿਚ, ਓਪਰੇਸ਼ਨ ਬਲਿਊਸਟਾਰ ਤੋਂ ਬਾਅਦ ਸਿੱਖ ਕੌਮ ਬੁਰੀ ਤਰ੍ਹਾਂ ਪ੍ਰੇਸ਼ਾਨ ਕੀਤੀ ਗਈ ਸੀ ਅਤੇ ਬਹੁਤੇ ਸਿੱਖ ਭਾਰਤ ਨਾਲੋਂ ਅਲੱਗ ਹੋ ਜਾਣਾ ਚਾਹੁੰਦੇ ਸਨ ਪਰ ਲਗਭਗ 30 ਪ੍ਰਤਿਸ਼ਤ ਸਿੱਖ ਜਨਸੰਖਿਆ ਪੰਜਾਬ ਦੀਆਂ ਸਰਹੱਦਾਂ ਤੇ ਫੈਲੀ ਹੋਈ ਹੈ - ਉਨ੍ਹਾਂ ਵਿਚੋਂ ਕਈ ਪੱਛਮੀ ਲੋਕਤੰਤਰਾਂ ਜਿਵੇਂ ਸਿੰਘਾਪੁਰ, ਮਲੇਸ਼ੀਆ ਅਤੇ ਅਫਰੀਕਾ ਵਿਚ ਵਸੇ ਹੋਏ ਹਨ। ਇਹ ਲੋਕ ਪੰਜਾਬ ਵਿਚ ਹੋਈਆਂ ਘਟਨਾਵਾਂ ਤੋਂ ਬਹੁਤ ਪ੍ਰੇਸ਼ਾਨ ਹੋਏ ਅਤੇ ਇਨ੍ਹਾਂ ਨੇ ਵੱਖਰੇ ਸਿੱਖ ਹੋਮਲੈਂਡ ਦਾ ਡੱਟ ਕੇ ਸਮਰਥਨ ਕੀਤਾ। ਓਪਰੇਸ਼ਨ ਬਲਿਊਸਟਾਰ ਤੋਂ ਬਾਅਦ ਕੁਝ ਸਾਲਾਂ ਅੰਦਰ ਦੇਸ਼ ਤੋਂ ਬਾਹਰ ਕਈ ਸੰਸਥਾਵਾਂ, ਜਿਵੇਂ ਖਾਲਿਸਤਾਨ ਕੌਂਸਲ ਅਤੇ ਵਿਸ਼ਵ ਸਿੱਖ ਸੰਗਠਨ ਸਿੱਖਾਂ ਦਾ ਰੋਸ ਅਤੇ ਮੰਗ ਜ਼ਾਹਰ ਕਰਨ ਅਤੇ ਤਾਲਮੇਲ ਕਰਨ ਲਈ ਹੋਂਦ ਵਿਚ ਆਈਆਂ। ਭਾਰਤ ਦੇ ਅੰਦਰ ਵੀ ਅਕਾਲੀਆਂ ਦੇ ਸਾਰੇ ਗੁੱਟਾਂ - ਪ੍ਰਕਾਸ਼ ਸਿੰਘ ਬਾਦਲ, ਸਿਮਰਨਜੀਤ ਸਿੰਘ ਮਾਨ, ਗੁਰਚਰਨ ਸਿੰਘ ਟੌਹੜਾ ਅਤੇ ਕਈ ਹੋਰਨਾਂ ਨੇ ਵੀ ਆਪਣੀ ਖ਼ੁਦਮੁਖਤਾਰੀ ਦੀ ਮੰਗ ਤੇ ਜ਼ੋਰ ਦਿੱਤਾ।

ਅਕਾਲੀਆਂ ਨੇ 1992 ਦੀਆਂ ਚੋਣਾਂ ਦਾ ਵੀ ਬਾਈਕਾਟ ਕੀਤਾ ਚਾਹੇ ਸਿੱਖਾਂ ਨੂੰ ਇਸ ਦੀ ਵੱਡੀ ਕੀਮਤ ਤਾਰਨੀ ਪਈ ਅਤੇ ਇਸ ਤੋਂ ਬਾਅਦ ਸਰਕਾਰ ਦੁਆਰਾ ਕੀਤੇ ਗਏ ਜ਼ੁਲਮ ਦੇ ਸਿੱਟੇ ਵਜੋਂ ਹਜ਼ਾਰਾਂ ਸਿੱਖਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਜਾਂ ਗਾਇਬ ਕਰ ਦਿੱਤਾ ਗਿਆ।

ਜਿਉਂ ਹੀ 1997 ਦੀਆਂ ਚੋਣਾਂ ਨੇੜੇ ਆਈਆਂ, ਅਕਾਲੀਆਂ ਨੇ ਮਹਿਸੂਸ ਕੀਤਾ ਕਿ ਪ੍ਰਭੂਸਤ ਸਿੱਖ ਰਾਜ ਦੀ ਮੰਗ ਉਨ੍ਹਾਂ ਦੇ ਚੋਣ ਲੜਨ ਦੇ ਰਾਹ ਵਿਚ ਰੁਕਾਵਟ ਪਾਏਗੀ। ਇਹ ਮੰਗ ਨਰਮ ਕਰਕੇ ਮਹਾਂ-ਸੰਘ ਸਟੇਟਸ, ਜਿਸ ਨੂੰ ਅੰਮ੍ਰਿਤਸਰ ਐਲਾਨ-ਨਾਮਾ (ਅੰਮ੍ਰਿਤਸਰ ਮਤਾ) ਕਿਹਾ ਜਾਂਦਾ ਸੀ, ਕਰ ਦਿੱਤੀ। ਇਸ ਵਿਚ ਅੱਗੋਂ ਸੋਧ ਚੋਣਾਂ ਤੋਂ ਐਨ ਪਹਿਲਾਂ ਕਰ ਦਿੱਤੀ ਅਤੇ ਅਕਾਲੀਆਂ ਨੇ ਫਿਰ ਆਪਣੀ ਬਲਿਊਸਟਾਰ ਤੋਂ ਪਹਿਲਾਂ ਦੀ ਮੰਗ - ਰਾਜਾਂ ਲਈ ਖ਼ੁਦਮੁਖਤਾਰੀ ਦੀ ਰੱਟ ਲਾਉਣੀ ਸ਼ੁਰੂ ਕਰ ਦਿੱਤੀ।

ਇਸ ਤੋਂ, ਵਿਦੇਸ਼ਾਂ ਵਿਚ ਰਹਿ ਰਹੇ ਸਿੱਖ, ਜਿਨ੍ਹਾਂ ਨੂੰ ਆਪਣੀ ਜਾਨ ਅਤੇ ਮਾਲ ਦਾ ਕੋਈ ਖ਼ਤਰਾ ਨਹੀਂ ਸੀ, ਨਰਮ ਦਲੀਏ ਅਕਾਲੀਆਂ ਤੋਂ ਨਿਰਾਸ਼

ਸਨ। ਵਿਦੇਸ਼ਾਂ ਵਿਚ ਗਰਮ ਦਲ ਸਿੱਖ ਸੰਸਥਾਵਾਂ, ਅਕਾਲੀ ਦਲ ਅਤੇ ਐਸ ਜੀ ਪੀ ਸੀ ਦੇ ਮੁਕਾਬਲੇ ਤੇ ਬਹੁਤ ਮਜ਼ਬੂਤ ਹੋ ਗਈਆਂ।

ਅਕਾਲੀ ਦਲ ਅਤੇ ਐਸ ਜੀ ਪੀ ਸੀ ਨੇ ਕਿਸੇ ਅਜਿਹੀ ਜਨ-ਸਭਾ ਦੀ ਲੋੜ ਮਹਿਸੂਸ ਕੀਤੀ ਜਿਸ ਰਾਹੀਂ ਉਹ ਵਿਦੇਸ਼ਾਂ ਵਿਚ ਰਹਿ ਰਹੇ ਸਿੱਖਾਂ ਨੂੰ ਆਪਣੀਆਂ ਮਜਬੂਰੀਆਂ ਬਾਰੇ ਜਾਣਕਾਰੀ ਪੁਚਾ ਸਕਣ। ਇਕ ਵਿਸ਼ਵ ਕੌਂਸਲ ਕਾਇਮ ਕਰਨ ਦਾ ਫੈਸਲਾ ਕੀਤਾ ਗਿਆ ਜਿਹੜੀ ਭਾਰਤ ਦੇ ਅੰਦਰ ਅਕਾਲ ਤਖ਼ਤ ਦੇ ਜੱਥੇਦਾਰ, ਜਿਸ ਦੀ ਮਹੱਤਵਪੂਰਣ ਸਥਿਤੀ ਸਾਰੇ ਸੰਸਾਰ ਦੇ ਸਿੱਖਾਂ ਨੂੰ ਸਵੀਕਾਰ ਹੈ, ਦੀ ਅਗਵਾਈ ਵਿਚ ਕਾਰਜ ਕਰੇ। ਇਹ ਸੰਸਥਾ 1995 ਵਿਚ ਸਥਾਪਤ ਕੀਤੀ ਗਈ ਜਿਸ ਦੇ ਮੁੱਖੀ ਅਕਾਲ ਤਖ਼ਤ ਦੇ ਕਾਇਮ-ਮੁਕਾਮ ਜੱਥੇਦਾਰ ਭਾਈ ਮਨਜੀਤ ਸਿੰਘ ਸਨ ਜਿਨ੍ਹਾਂ ਨੂੰ ਐਸ ਜੀ ਪੀ ਸੀ ਦੁਆਰਾ ਇਸ ਅਹੁਦੇ ਤੇ ਨਿਯੁਕਤ ਕੀਤਾ ਗਿਆ। ਇਹ ਸੋਚਿਆ ਗਿਆ ਕਿ ਐਸ ਜੀ ਪੀ ਸੀ ਅਤੇ ਅਕਾਲੀ ਦਲ ਦਾ ਇਸ ਸੰਸਥਾ ਦੀ ਕਾਰਜ ਪ੍ਰਣਾਲੀ ਤੇ ਕੰਟ੍ਰੋਲ ਰਹੇਗਾ।

ਇਸ ਕਾਰਵਾਈ ਨੂੰ ਭਾਰਤ ਸਰਕਾਰ ਦਾ ਪੂਰਾ ਸਮਰਥਨ ਪ੍ਰਾਪਤ ਸੀ। ਭਾਈ ਮਨਜੀਤ ਸਿੰਘ ਨੇ ਯੂਰਪ ਅਤੇ ਅਮਰੀਕਾ ਦੇ ਕਈ ਦੌਰੇ ਕੀਤੇ ਅਤੇ ਉਥੋਂ ਦੇ ਸਿੱਖਾਂ ਨੂੰ ਵੱਖਰੇ ਸਿੱਖ ਰਾਜ, ਜਿਸਨੂੰ ਉਸਨੇ ਸਿੱਖ-ਵਿਰੋਧੀ ਦੱਸਿਆ, ਦੀ, ਮੰਗ ਛੱਡ ਦੇਣ ਲਈ ਪ੍ਰੇਰਿਆ। ਉਸ ਅਨੁਸਾਰ, ਸਿੱਖ ਧਰਮ ਦੇ ਅਸੂਲਾਂ ਨੇ ਲੋਕਾਂ ਵਿਚਕਾਰ ਬੰਦਸ਼ਾਂ ਨੂੰ ਦੂਰ ਕਰਨ ਦੀ ਵਕਾਲਤ ਕੀਤੀ ਅਤੇ ਅਜਿਹੀਆਂ ਕਿਸੇ ਬੰਦਸ਼ਾਂ ਨੂੰ ਸਥਾਪਤ ਕਰਨ ਦੀ ਨਿੰਦਾ ਕੀਤੀ। ਭਾਈ ਮਨਜੀਤ ਸਿੰਘ ਨੂੰ ਭਾਰਤ ਤੋਂ ਬਾਹਰ ਜਾਣ ਦੀ ਆਗਿਆ ਲੈਣ ਅਤੇ ਵੱਖ-ਵੱਖ ਦੇਸ਼ਾਂ ਦੇ ਵੀਜ਼ੇ ਪ੍ਰਾਪਤ ਕਰਨ ਵਿਚ ਬਿਲਕੁਲ ਕੋਈ ਔਖਿਆਈ ਨਹੀਂ ਆਈ; ਲੇਕਿਨ ਉਨ੍ਹਾਂ ਲੋਕਾਂ ਲਈ ਵਿਦੇਸ਼ ਜਾਣਾ ਅਸੰਭਵ ਸੀ ਜਿਨ੍ਹਾਂ ਦੇ ਵਿਚਾਰ ਭਾਈ ਮਨਜੀਤ ਸਿੰਘ ਨਾਲ ਨਹੀਂ ਮਿਲਦੇ ਸਨ, ਜਿਵੇਂ ਸਿਮਰਨਜੀਤ ਸਿੰਘ ਮਾਨ, ਜਸਟਿਸ ਅਜੀਤ ਸਿੰਘ ਬੈਂਸ, ਲੇਟ ਕਰਨਲ ਪਰਤਾਪ ਸਿੰਘ, ਮੇਜਰ ਜਨਰਲ ਨਰਿੰਦਰ ਸਿੰਘ, ਪ੍ਰੋਫ਼ੈਸਰ ਦਰਸ਼ਨ ਸਿੰਘ ਅਤੇ ਕਈ ਹੋਰ ਸਿੱਖ ਆਦਿ।

ਵਿਦੇਸ਼ਾਂ ਵਿਚ ਰਹਿ ਰਹੇ ਸਿੱਖ ਹੌਲੀ-ਹੌਲੀ ਇਹ ਮਹਿਸੂਸ ਕਰਨ ਲੱਗ ਪਏ ਕਿ ਇਹ ਸੰਸਥਾ ਐਸ ਜੀ ਪੀ ਸੀ ਅਤੇ ਭਾਰਤ ਸਰਕਾਰ ਦੀ ਗੁਲਾਮ ਸੰਸਥਾ ਹੈ।

ਇਸ ਚੀਜ਼ ਵਿਚ ਤਬਦੀਲੀ ਭਾਈ ਰਣਜੀਤ ਸਿੰਘ, ਅਕਾਲ ਤਖ਼ਤ ਦੇ ਜੱਥੇਦਾਰ, ਜਿਹੜਾ 13 ਅਪ੍ਰੈਲ, 1979 ਨੂੰ 13 ਸਿੱਖਾਂ ਨੂੰ ਮੌਤ ਦੇ ਘਾਟ ਉਤਾਰ ਦੇਣ ਦੇ ਬਦਲੇ ਵਿਚ ਨਿਰੰਕਾਰੀ ਮੁੱਖੀ ਦੇ ਕਤਲ ਬਦਲੇ 13 ਸਾਲ ਦੀ ਕੈਦ ਕੱਟ ਰਿਹਾ ਸੀ, ਨੂੰ ਜੇਲ੍ਹ ਵਿਚੋਂ ਰਿਹਾਅ ਕਰਨ ਨਾਲ ਆਈ।

ਸਿੱਖ 'ਵੱਡੇ-ਵਡੇਰਿਆਂ' ਨੇ ਉਸਦੀ ਰਿਹਾਈ ਅਤੇ ਉਸ ਨੂੰ ਅਕਾਲ ਤਖ਼ਤ ਦਾ ਜੱਥੇਦਾਰ ਥਾਪ ਕੇ ਮੰਗ ਕੀਤੀ ਕਿ ਉਸ ਨੂੰ ਵਿਸ਼ਵ ਸਿੱਖ ਕੌਂਸਲ

ਦਾ ਮੁੱਖੀ ਨਿਯੁਕਤ ਕੀਤਾ ਜਾਵੇ। ਐਸ ਜੀ ਪੀ ਸੀ ਨੇ ਇਸ ਅਹੁਦੇ ਲਈ ਭਾਈ ਮਨਜੀਤ ਸਿੰਘ ਦਾ ਸਮਰਥਨ ਕੀਤਾ ਕਿਉਂਕਿ ਇਹ ਇਸ ਦਲੀਲ ਤੇ ਉਸ ਨੂੰ ਇਸ ਸੰਸਥਾ ਦਾ ਮੁੱਖੀ ਰੱਖਣਾ ਚਾਹੁੰਦੀ ਸੀ ਕਿ ਉਸਨੇ ਇਹ ਸੰਸਥਾ ਸ਼ੁਰੂ ਕੀਤੀ ਸੀ ਇਸ ਕਰਕੇ ਉਸ ਨੂੰ ਚਲਾਉਣ ਲਈ ਉਹ ਸਭ ਤੋਂ ਵੱਧ ਢੁੱਕਵੇਂ ਹੋਣਗੇ। ਲੇਕਿਨ ਭਾਈ ਰਣਜੀਤ ਸਿੰਘ ਨੇ ਕੌਂਸਲ ਦਾ ਮੁੱਖੀ ਬਣਨ ਤੋਂ ਨਾਂਹ ਕਰ ਦਿੱਤੀ; ਉਸਨੇ ਕਿਹਾ ਜੇਕਰ ਉਸ ਨੂੰ ਬਹੁ-ਗਿਣਤੀ ਸਿੱਖ ਸੰਗਤਾਂ ਦੇ ਸਮਰਥਨ ਨਾਲ ਅਜਿਹਾ ਕਰਨ ਲਈ ਨਾਂਹ ਕਿਹਾ ਗਿਆ ਤਾਂ ਉਹ ਇਸ ਸੰਸਥਾ ਦਾ ਮੁੱਖੀ ਨਹੀਂ ਬਣੇਗਾ।

ਜੱਥੇਦਾਰ ਨੇ ਕੌਂਸਲ ਦੇ ਸੰਵਿਧਾਨ ਦਾ ਖਰੜਾ ਤਿਆਰ ਕਰਨ ਲਈ ਕੁਲਦੀਪ ਸਿੰਘ, ਸੁਪਰੀਮ ਕੋਰਟ ਦੇ ਰਿਟਾਇਰਡ ਜੱਜ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਮੁੱਖ ਜੱਜ ਆਰ. ਐਸ. ਨਰੂਲਾ ਅਤੇ ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਵਾਈਸ-ਚਾਂਸਲਰ ਮਨਮੋਹਨ ਸਿੰਘ ਨੂੰ ਅਧਿਕਾਰ ਦਿੱਤਾ। ਵਿਸ਼ਵ ਸਿੱਖ ਕੌਂਸਲ ਅਕਾਲ ਤਖ਼ਤ, ਅੰਮ੍ਰਿਤਸਰ ਵਿਖੇ 21 ਦਸੰਬਰ, 1997 ਨੂੰ ਰਸਮੀ ਤੌਰ ਤੇ ਕਾਇਮ ਕੀਤੀ ਗਈ ਸੀ ਅਤੇ ਜਸਟਿਸ ਕੁਲਦੀਪ ਸਿੰਘ ਨੂੰ ਇਸ ਦਾ ਪਹਿਲਾ ਮੁੱਖੀ ਐਲਾਨਿਆ ਗਿਆ ਸੀ। ਇਸ ਸੰਸਥਾ ਦੇ ਸੰਵਿਧਾਨ ਵਿਚ ਇਸ ਸੰਸਥਾ ਦੇ ਨਿਸ਼ਾਨੇ ਨਿਸ਼ਚਿਤ ਕੀਤੇ ਗਏ ਹਨ ਪਰੰਤੂ ਇਸ ਵਿਚੋਂ ਰਾਜਨੀਤਕ ਸਰਗਰਮੀ ਨੂੰ ਸਿਆਣਪ ਨਾਲ ਬਾਹਰ ਰੱਖਿਆ ਗਿਆ ਹੈ ਅਤੇ, ਇਸ ਤਰ੍ਹਾਂ ਹੋਰ ਸਿੱਖ ਸੰਸਥਾਵਾਂ ਨੂੰ ਆਪਣੇ ਢੰਗ ਵਿਚ ਰਾਜਨੀਤਕ ਮੰਗਾਂ ਕਰਨ ਦੀ ਖੁੱਲ ਦਿੱਤੀ ਗਈ ਹੈ। ਵਿਸ਼ਵ ਸਿੱਖ ਕੌਂਸਲ ਸਿੱਖਾਂ ਦੀ ਇਕ ਸਰਵਉੱਚ ਸੰਸਥਾ ਹੋਵੇਗੀ ਕਿਉਂਕਿ ਇਹ ਸੰਸਾਰ ਦੇ ਪੱਧਰ ਤੇ ਸਿੱਖਾਂ ਦੀਆਂ ਸਮੱਸਿਆਵਾਂ ਦਾ ਧਿਆਨ ਰੱਖਣ ਲਈ ਅੱਛੀ ਸਥਿਤੀ ਵਿਚ ਹੋਵੇਗੀ।